Do you know the meanings of living?
Only that living is worth, which is spent in the recollection of the Almighty.(144)

ਆਰਫ ਲੋਕ ਰੱਬ ਦੇ ਭੇਤ ਭਰੇ ਗਿਆਨ ਕਰਕੇ ਹੀ ਜ਼ਿੰਦਾ ਹਨ,
ਦੋਹਾਂ ਜਹਾਨਾਂ ਦੀ ਨਿਹਮਤ ਉਸ ਦੇ ਘਰ ਵਿਚ ਹੈ।(145)

ਜੀਵਨ ਦਾ ਅਰਥ ਹੀ ਰੱਬ ਦੀ ਯਾਦ ਹੈ।
ਇਸੇ ਕਰਕੇ ਹੀ ਸੰਤਾਂ ਦਾ ਜੀਵਨ ਹੈ।(146)

ਉਨ੍ਹਾਂ ਦਾ ਜ਼ਿਕਰ ਹਰ ਬੋਲਦੀ ਜੀਭਾ ਉਪਰ ਹੈ,
ਦੋਵੇਂ ਜਹਾਨ ਉਸ ਰੱਬ ਦੇ ਮਾਰਗ ਦੇ ਢੂੰਡਾਊ ਹਨ।(147)

ਸਾਰੇ ਉਸ ਜਲਾਲ ਵਾਲੇ ਰੱਬ ਦਾ ਸਿਮਰਨ ਕਰਦੇ ਹਨ,
ਤਾਂ ਤੇ ਸੁਭਾਗਾ ਹੈ ਅਜਿਹਾ ਸਿਮਰਨ ਅਤੇ ਸ਼ੁਭ ਹੈ ਅਜੇਹੀ ਚਰਚਾ।(148)

ਜੇਕਰ ਸੱਚ ਦੀ ਗੱਲ ਬਾਤ ਅਤੇ ਚਰਚਾ ਕਰਨੀ ਹੋਵੇ,
ਤਾਂ ਇਹ ਉਸ ਸਰਬ ਸ਼ਕਤੀਮਾਨ ਬਾਰੇ ਹੀ ਹੋ ਸਕਦਾ ਹੈ।(149)

ਨੇਕ ਉਮਰ ਨੂੰ ਅਜੇਹਾ (ਭਜਨ ਬੰਦਗੀ ਦਾ) ਸਰਮਾਇਆ
ਉਨ੍ਹਾਂ (ਸੰਤਾਂ) ਦੀ ਸੰਗਤ ਵਿਚੋਂ ਦੀ ਨਸੀਬ ਹੋਇਆ।(150)

The pious ones exist through the mystic knowledge of the Almighty,
As the bounty of both the domains is available in his abode.(145)

The essence of living is the realization of the godly remembrance,
And that is what the saintly beings are.(146)

Their recollection is pronounced by all the dynamic tongues,
And both the worlds are running to seek the divine path.(147)

All worship the glorious Almighty,
And auspicious is that reverence and propitious is that report.(148)

If you toil to deliberate on and discuss the truth,
It can be directed only towards that Omnipotent.(149)

The virtuous age has secured such wealth,
Only through the fraternity of holy congregation.(150)

ਉਨ੍ਹਾਂ ਨੂੰ ਅਜਿਹੀ ਰਾਸ ਹੀ ਮਨਜ਼ੂਰ ਹੈ,ਹੋਰ ਕੁਝ ਵੀ ਉਨਾਂ ਨੂੰ ਚੰਗਾ ਨਹੀਂ ਲਗਦਾ,
ਸੱਚ ਦੇ ਸ਼ਬਦਾਂ ਤੋਂ ਬਿਨਾਂ ਹੋਰ ਕੁਝ ਕਹਿਣਾ ਉਨ੍ਹਾਂ ਦਾ ਨੇਮ ਹੀ ਨਹੀਂ।(151)

ਹਿੰਦਵੀ ਬੋਲੀ ਵਿਚ ਉਨਾਂ ਦਾ ਨਾਮ ਸਾਧ-ਸੰਗਤ ਹੈ,
ਹੇ ਮੌਲਵੀ!ਇਹ ਸਭ ਉਨ੍ਹਾਂ ਦੀ ਹੀ ਤਾਰੀਫ ਹੈ।(152)

ਉਨ੍ਹਾਂ ਦੀ ਸੰਗਤ ਦੀ ਪ੍ਰਾਪਤੀ ਪ੍ਰਮਾਤਮਾ ਦੀ ਕਿਰਪਾ ਤੋਂ ਹੁੰਦੀ ਹੈ,
ਇਥੇ ਇਸ ਦੀ ਕਿਰਪਾ ਤੋਂ ਇਕ ਪੁਰਸ਼ ਦਾ ਭਾਗ ਪ੍ਰਗਟ ਹੋ ਜਾਂਦਾ ਹੈ।(153)

ਜਿਸ ਕਿਸੇ ਨੂੰ ਇਹ ਅਮਰ ਧਨ ਪਰਾਪਤ ਹੋ ਗਿਆ,
ਮਾਨੋ ਉਸ ਦੀ ਉਮਰ ਦੀ ਆਯੂ ਆਸ਼ਾਵੰਤ ਹੋ ਗਈ।(154)

ਇਹ ਸੱਭ(ਦੌਲਤ ਅਤੇ ਉਮਰ) ਨਾਸ਼ਵਾਨ ਹੈ, ਅਤੇ ਉਹ ਅਬਿਨਾਸ਼ੀ ਹਨ,
ਉਨਾਂ ਨੂੰ ਤੂੰ ਪਵਿਤਰ ਪ੍ਰੇਮ ਦੇ ਪਿਆਲੇ ਭਰ ਭਰ ਦੇਣ ਵਾਲਾ ਸਾਕੀ ਸਮਝ।(155)

ਜੋ ਕੁਝ ਵੀ ਮੌਜੂਦ ਦਿਸਦਾ ਹੈ,ਇਹ ਉਨ੍ਹਾਂ ਦੀ ਸੰਗਤ ਕਰਕੇ ਹੀ ਹੈ,
ਉਨ੍ਹਾਂ ਦੀ ਮਿਹਰ ਕਰਕੇ ਇਹ ਸਭ ਆਬਾਦੀ ਅਤੇ ਖੁਸ਼ਹਾਲੀ ਹੈ।(156)

They adore only such play and nothing else pleases them,
As, except to utter the truth, nothing more to say is their trait.(151)

In the Hindvi language they are called Sadh-sangat, (the holy congregation).
O, Maulvi, (the Muslim Priest), in fact it is all their description.(152)

Their company is accessible only through the benevolence of the Almighty,
And due to his compassion, man's destiny becomes apparent.(153)

Any one who is blessed with such an eternal wealth,
Deem that his life expectation has secured optimism.(154)

All these are destructible except those ones, who are imperishable,
And consider them to be the comrades who provide you with the cups full of pious love.(155)

Whatever is apparent is due to their company,
And owing to their benevolence, the advancement and the bliss prevails there.(156)

ਇਹ ਸਭ ਆਬਾਦੀ ਰੱਬ ਦੀ ਮਿਹਰ ਕਰਕੇ ਹੈ,
ਛਿਨ ਭਰ ਲਈ ਵੀ ਉਸ ਰੱਬ ਨੂੰ ਵਿਸਰਨਾ ਮੌਤ ਅਤੇ ਦੁੱਖ ਸਮਾਨ ਹੈ।(157)

ਉਨ੍ਹਾਂ ਦੀ ਸੰਗਤ ਇਸ ਜ਼ਿਦਗੀ ਦੀ ਪਰਾਪਤੀ ਹੈ,
ਜ਼ਿੰਦਗੀ,ਏਹੀ ਜ਼ਿੰਦਗੀ ਹੈ, ਜਿਹੜੀ ਉਸ ਦੀ ਬੰਦਗੀ ਹੈ।(158)

ਜੇਕਰ ਤੂੰ ਚਾਹੁੰਦਾ ਹੈਂ ਕਿ ਰੱਬ ਦਾ ਭਗਤ ਬਣੇਂ,
ਤਾਂ ਉਸ ਪੂਰਨ ਪੁਰਖ ਦਾ ਗਿਆਨਵਾਨ ਬਣ।(159)

ਉਨ੍ਹਾਂ ਦੀ ਸੰਗਤ ਤੇਰੇ ਲਈ ਕੀਮੀਆ ਹੈ,
ਤਾਂ ਜੋ,ਜੋ ਵੀ ਤੂੰ ਚਾਹੇਂ, ਉਹ ਉਚਿਤ ਹੋਵੇ।(160)

ਇਹ ਜਿਹੜੇ ਸਾਰੇ ਜੀਉਂਦੇ ਜਾਗਦੇ ਹਨ,
ਇਹ ਕੇਵਲ ਉਨ੍ਹਾਂ (ਗੁਰਮੁਖਾਂ) ਦੀ ਸੰਗਤ ਸਦਕਾ ਹੈ।(161)

ਉਨ੍ਹਾਂ ਦੀ ਜ਼ਿਦਗੀ ਉਨ੍ਹਾਂ ਦੀ ਸੰਗਤ ਦੀ ਬ਼ਖਸ਼ਿਸ਼ ਸਦਕਾ ਹੈ,
ਉਨ੍ਹਾਂ ਦੀ ਸੰਗਤ ਰੱਬ ਦੀ ਰਹਿਮਤ ਦੀ ਦਲੀਲ ਹੈ।(162)

All this inhabitation is the result of divine compassion,
And to forget him, even for a moment, is like seeking the demise and misery.(157)

Their association is the accomplishment of this life,
As the life is only that, which is expended in his worship.(158)

If you want to attain reverence for the Almighty,
Acquire the knowledge of that perfect being.(159)

Their fraternity is the alchemy for you,
So that whatever you desire, becomes proper.(160)

All those you find hale and hearty,
subsist on account of their (holy) audience.(161)

Their lives are due to the benevolence of the congregation,
And their association is the proof of godly generosity.(162)

ਹਰ ਕਿਸੇ ਨੂੰ ਉਨ੍ਹਾਂ ਦੀ ਸੰਗਤ ਦੀ ਲੋੜ ਹੈ,
ਤਾਂ ਜੋ ਆਪਣੇ ਦਿਲ ਵਿਚੋਂ ਮੋਤੀਆਂ ਦੀ ਲੜੀ ਖੋਲ੍ਹ ਸਕਣ।(163)

ਹੇ ਅਨਜਾਣ! ਤੂੰ(ਬਹੁ-ਮੁੱਲੇ)ਖਜ਼ਾਨੇ ਦਾ ਮਾਲਕ ਹੈਂ,
ਪਰ ਅਫਸੋਸ ਕਿ ਤੈਨੂੰ ਉਸ ਗੁਪਤ ਖ਼ਜ਼ਾਨੇ ਦਾ ਪਤਾ ਹੀ ਨਹੀਂ।(164)

ਉਸ ਖਜ਼ਾਨੇ ਦਾ ਤੈਨੂੰ ਕਿਵੇਂ ਪਤਾ ਲਗੇ,
ਕਿ ਜੰਦਰੇ ਅੰਦਰ ਕਿਹੋ ਜਿਹਾ ਮਾਲ ਮਤਾ ਪਿਆ ਹੈ।(165)

ਇਸ ਲਈ ਤੇਰੇ ਵਾਸਤੇ ਜ਼ਰੂਰੀ ਹੈ ਕਿ ਅਜਿਹੇ ਖਜ਼ਾਨੇ ਦੀ ਕੁੰਜੀ ਢੂੰਡੇਂ,
ਤਾਂ ਜੋ ਤੈਨੂੰ ਗੁਪਤ ਖਜ਼ਾਨੇ ਦਾ ਸਾਫ ਪਤਾ ਲਗ ਜਾਵੇ।(166)

ਤੂੰ ਰੱਬ ਦੇ ਨਾਮ ਦੀ ਕੁੰਜੀ ਨਾਲ ਇਸ ਜੰਦਰੇ ਨੂੰ ਖੋਲ,
ਇਸ ਛੁਪੇ ਹੋਏ ਖਜ਼ਾਨੇ ਦੀ ਪੋਥੀ ਵਿਚੋਂ ਸਬਕ ਪੜ੍ਹ।(167)

ਇਹ ਨਾਮ ਦੀ ਕੁੰਜੀ ਉਨ੍ਹਾਂ ਸੰਤਾਂ ਕੋਲ ਹੁੰਦੀ ਹੈ,
ਇਹ ਕੁੰਜੀ ਜ਼ਖਮੀ ਦਿਲਾਂ ਅਤੇ ਜਾਨਾਂ ਦੀ ਮਲ੍ਹਮ ਹੈ।(168)

Every one needs their companionship,
To enable himself to unravel the pearly chains from his heart.(163)

O you the Unaware One, you are the holder of a precious treasure,
But, alas, you have no perception of those hidden riches.(164)

How can you discover that treasure and know
What commodities lie under that lock?(165)

For this purpose, you must go and search for the cache's key,
So that you can discover the realities of the hidden hoard.(166)

Open that lock with the celestial key,
To enable yourself to learn the lessons from the hidden book.(167)

The key of the divine name is held by the pious ones,
And it acts as the salve for the afflicted hearts and the lives.(168)

ਜਦ ਇਹ ਕੁੰਜੀ ਕਿਸੇ ਦੇ ਹੱਥ ਲਗ ਜਾਵੇ,
ਤਾਂ,ਜੋ ਕੋਈ ਵੀ ਹੋਵੇ, ਉਹ ਖਜ਼ਾਨੇ ਦਾ ਮਾਲਕ ਬਣ ਜਾਂਦਾ ਹੈ।(169)

ਜਦ ਖਜ਼ਾਨਾ ਢੂੰਡਣ ਵਾਲੇ ਨੂੰ ਖਜ਼ਾਨਾ ਮਿਲ ਗਿਆ ਤਾਂ,
ਸਮਝੋ ਉਹ ਸਾਰੇ ਫਿਕਰਾਂ ਅੰਦੇਸ਼ਿਆਂ ਤੋਂ ਮੁਕਤ ਹੋ ਗਿਆ।(170)

ਜਿਸ ਨੂੰ ਆਪਣੇ ਸੱਜਨ ਪਿਆਰੇ ਦੀ ਗਲੀ ਦਾ ਰਾਹ ਮਿਲ ਗਿਆ,
ਹੇ ਮੇਰੇ ਦੋਸਤ, ਉਹ ਵੀ ਸਮਝ ਕਿ ਰੱਬ ਦੇ ਪਿਆਰਿਆਂ ਵਿਚ ਸ਼ਾਮਲ ਹੋ ਗਿਆ।(171)

ਉਨ੍ਹਾਂ ਦੀ ਸੰਗਤ ਨੇ ਜ਼ੱਰੇ ਨੂੰ ਚੰਨ ਬਣਾ ਦਿੱਤਾ,
ਉਨ੍ਹਾਂ ਦੀ ਸੰਗਤ ਨੇ ਹਰ ਭਿਖਾਰੀ ਨੂੰ ਬਾਦਸ਼ਾਹ ਕਰ ਦਿੱਤਾ।(172)

ਉਨ੍ਹਾਂ ਦੇ ਚਿਰਤ੍ਰ ਉਤੇ ਰੱਬ ਦੀ ਮਿਹਰ ਹੋਵੇ,
ਉਨ੍ਹਾਂ ਦੇ ਮਾਪਿਆਂ ਅਤੇ ਔਲਾਦ ਉਤੇ ਵੀ {ਰੱਬ ਦੀ ਮਿਹਰ ਹੋਵੇ}।(173)

ਜਿਸ ਕਿਸੇ ਵੀ ਉਨ੍ਹਾਂ ਦੇ ਦਰਸ਼ਨ ਕਰ ਲਏ, ਮਾਨੋ ਉਸ ਨੇ ਰੱਬ ਨੂੰ ਵੇਖ ਲਿਆ,
ਅਤੇ ਸਮਝੋ ਉਸ ਨੇ ਸੱਚੀ ਪ੍ਰੀਤੀ ਦੇ ਬਾਗ ਵਿਚੋਂ ਸਭ ਤੋਂ ਸੁੰਦਰ ਫੁੱਲ ਤੋੜ ਲਿਆ।(174)

When such key comes in the possession of an individual,
Whosoever he may be, he becomes the master of the treasure.(169)

When the searcher of the wealth discovers the treasure,
Deem him emancipated from all the worries and misgivings.(170)

The one who found the way to the beloved's avenue,
Regard him, O My Friend, as unified with the godly enthusiasts.(171)

Their affiliation has turned an iota into a moon,
And has transformed every beggar into a sovereign.(172)

May their character be impressed with the divine kindness,
So also their ancestors, and the progeny may be blessed.(173)

Anyone who had their glimpse, believe him to have had the celestial vision,
And consider him having picked up the exquisite flower from the garden of true passion.(174)

ਉਨ੍ਹਾਂ ਦੀ ਸੰਗਤ ਰੱਬੀ ਗਿਆਨ ਦੇ ਬਾਗ ਚੋਂ ਸੁੰਦਰ ਫੁਲ ਤੋੜਨਾ ਹੈ,
ਉਨ੍ਹਾਂ ਦੇ ਦਰਸ਼ਨ ਕਰਨਾ ਰੱਬ ਦਾ ਦੀਦਾਰ ਕਰਨਾ ਹੈ।(175)

ਰੱਬ ਦੇ ਦਰਸ਼ਨ ਦਾ ਬਿਆਨ ਕਰਨਾ ਮੁਸ਼ਕਲ ਹੈ,
ਉਸ ਦੀ ਸ਼ਕਤੀ ਅਥਵਾ ਪ੍ਰਕ੍ਰਿਤੀ ਹੀ ਉਸ ਦਾ ਪਤਾ ਦਿੰਦੀ ਹੈ।(176)

ਉਸ ਦੀ ਕਿਰਪਾ ਨਾਲ ਮੈਂ ਰੱਬ ਦੇ ਦਰਸ਼ਨ ਕੀਤੇ ਹਨ,
ਉਨ੍ਹਾਂ ਦੀ ਕਿਰਪਾ ਨਾਲ ਮੈਂ ਰੱਬੀ ਗਿਆਨ ਦੇ ਬਾਗ ਵਿਚੋਂ ਫੁਲ ਚੁਣਿਆ ਹੈ।(177)

ਰੱਬ ਦੇ ਦਰਸ਼ਨ ਕਰਨਾ ਇਕ ਪਵਿਤ੍ਰ ਭਾਵ ਰਖਦਾ ਹੈ,
ਮੈਂ ਤਾਂ ਕੁਝ ਵੀ ਨਹੀਂ, ਇਹ ਸਭ ਕੁਝ ਉਸ ਦੀ ਸੂਖਮ ਜ਼ਾਤ ਹੀ ਹੈ।(178)

ਜਿਸ ਨੇ ਇਸ ਪੂਰਨ ਅਖੱਰ ਨੂੰ ਸਮਝ ਲਿਆ,
ਮਾਨੋ ਉਸ ਨੇ ਛੁਪੇ ਖਜ਼ਾਨੇ ਦਾ ਟਿਕਾਣਾ ਲੱਭ ਲਿਆ।(179)

ਰੱਬ ਦੀ ਹਕੀਕਤ ਅਤਿ ਦੀ ਸੋਹਣੀ ਸੂਰਤ ਹੈ,
ਰੱਬ ਦੀ ਸੂਰਤ ਰੱਬ ਦੇ ਬੰਦਿਆਂ ਦੀ ਸੂਰਤ ਹੈ।(180)

Their association is the epitome of plucking the flowers from the garden of the celestial knowledge,
And to have their glimpse is equivalent to the vision of the Almighty.(175)

It is arduous to describe the vision of the godly image,
His domination, as well as the creation, reveal his entity.(176)

Through their generosity I have had the vision of the Almighty,
And through their beneficence, I have picked up the flowers from the divine garden.(177)

To have a godly glimpse is a holy thought;
I am just a nonentity and every where his mysterious entity prevails.(178)

One who has appreciated this perfect word,
Deem him to have discovered the hidden treasure.(179)

The divine revelation is an enchanting entity,
And godly entity is the embodiment of the godly beings.(180)

ਉਹ ਸੰਗਤ ਵਿਚ ਵੀ ਇਕਾਂਤ ਵਿਚ ਹੁੰਦੇ ਹਨ,
ਸਭਨਾਂ ਦੀਆਂ ਜੀਭਾਂ ਤੇ ਉਨ੍ਹਾਂ ਦਾ ਜਸ ਹੁੰਦਾ ਹੈ।(181)

ਇਸ ਭੇਤ ਤੋਂ ਉਹ ਹੀ ਵਾਕਿਫ ਹੋ ਸਕਦਾ ਹੈ,
ਜਿਹੜਾ ਚਾਉ ਸਹਿਤ ਉਸ ਦੀ ਪ੍ਰੀਤੀ ਦੇ ਗੁਣ ਗਾਉਂਦਾ ਹੈ।(182)

ਰੱਬ ਦਾ ਸ਼ੌਕ ਜਿਸ ਦੇ ਗਲੇ ਦਾ ਹਾਰ ਹੁੰਦਾ ਹੈ,
ਉਹ ਨਾਚੀਜ਼ ਵੀ ਸਿਆਣਾ ਤੇ ਮੁਦੱਬਰ ਬਣ ਜਾਂਦਾ ਹੈ।(183)

ਜਦ ਰੱਬ ਦਾ ਸ਼ੌਕ ਤੇਰਾ ਸਹਾਈ ਹੋਵੇ,
ਤਾਂ ਜ਼ੱਰਾ ਵੀ ਚਮਕਦੇ ਸੂਰਜ ਬਰਾਬਰ ਬਣ ਜਾਂਦਾ ਹੈ।(184)

ਉਨ੍ਹਾਂ ਦੇ ਬਚਨਾਂ ਤੋਂ ਸੱਚ ਦੇ ਅੰਮ੍ਰਿਤ ਦੀ ਬਰਖਾ ਹੁੰਦੀ ਹੈ,
ਉਨ੍ਹਾਂ ਦੇ ਦਰਸ਼ਨਾ ਨਾਲ ਅੱਖਾਂ ਨੂੰ ਠੰਢ ਪੈਂਦੀ ਹੈ।(185)

ਉਹ ਦਿਨ ਰਾਤ ਰੱਬ ਦਾ ਸਿਮਰਨ ਕਰਦੇ ਰਹਿੰਦੇ ਹਨ,
ਸੰਸਾਰੀ ਭੇਖ ਵਿਚ ਉਹ ਪੂਰਨ ਪੁਰਖ ਹਨ।(186)

They remain in seclusion even in the congregation,
But in each one's eloquence, their adoration prevails.(181)

Only that one can appreciate the enigma,
Who, with fondness, narrates the bounty of his affection.(182)

One who has the affinity to the Almighty as a garland around his neck,
Even that lowly one attains wisdom and prominence.(183)

When the passion for the Almighty is your shelter,
Even, an iota is transmuted into the radiating sun.(184)

Through their expositions, the nectar of truth is showered,
And their glimpse, furnishes the eyes with serenity.(185)

Day and night, they revel in pious recollection,
And, even in the guise of worldly garb, they are impeccable beings.(186)

ਉਹ ਇਸ ਸਭ ਕੁਝ ਦੇ ਹੁੰਦੇ ਹੋਏ ਭੀ ਸੁਤੰਤਰ ਹਨ।
ਹਰ ਹਾਲ ਵਿਚ ਉਹ ਰੱਬ ਦੀ ਰਜਾ ਵਿਚ ਖੁਸ਼ ਹਨ।(187)

ਉਨਾਂ ਦਾ ਭੇਖ ਦੁਨਿਆਵੀ ਹੈ, ਪਰ ਰਹੁ ਰੀਤ ਧਰਮ ਵਾਲੀ ਹੈ।
ਉਨ੍ਹਾਂ ਜੇਹਾ ਸੰਸਾਰ ਵਿਚ ਹੋਰ ਕੋਈ ਨਹੀਂ ਦਿਸਦਾ।(188)

ਉਹ ਰੱਬ ਦੀ ਯਾਦ ਵਿਚ ਪਰਪੱਕ ਅਤੇ ਪਰਬੀਨ ਹਨ,
ਉਹ ਸੱਚ ਨੂੰ ਸਮਝਦੇ,ਸੱਚ ਨੂੰ ਹੀ ਪਿਆਰ ਕਰਦੇ ਤੇ ਸੱਚ ਦੀ ਹੀ ਆਰਾਧਨਾ ਕਰਦੇ ਹਨ।(189)

ਉਹ ਭਾਵੇਂ ਸਿਰ ਤੋਂ ਪੈਰਾਂ ਤਕ ਦੁਨਿਆਵੀ ਭੇਖ ਵਿਚ ਦਿਸਦੇ ਹਨ,
ਪਰ ਉਨ੍ਹਾਂ ਨੂੰ ਤੂੰ ਕਦੀ ਅੱਧੇ ਪਲ ਲਈ ਵੀ ਗਾਫ਼ਲ ਨਹੀਂ ਦੇਖੇਂਗਾ।(190)

ਉਨ੍ਹਾਂ ਦਾ ਸਰੀਰ ਭਾਵੇਂ ਮੁੱਠੀ ਭਰ ਮਿੱਟੀ ਦਾ ਹੈ,
ਪਰ ਉਨ੍ਹਾਂ ਨੂੰ ਪਾਕ ਰੱਬ ਨੇ ਪਾਕ ਪਵਿਤ੍ਰ ਬਣਾਇਆ ਹੈ।(191)

ਇਹ ਮਿੱਟੀ ਦਾ ਸਰੀਰ ਉਸ ਦੀ ਯਾਦ ਨਾਲ ਪਵਿੱਤਰ ਹੈ,
ਕਿਉਂਕਿ ਉਹ ਪ੍ਰਮਾਤਮਾ ਵਲੋਂ ਮਿਲੀ ਨੀਂਹ (ਹਸਤੀ) ਦਾ ਪ੍ਰਗਟਾਵਾ ਹਨ।(192)

In spite of all this, they are sovereigns,
And they remain contented in all circumstances.(187)

Their guise is worldly but their conventions are righteous,
And none else like them is apparent in the whole world.(188)

They are determined and adept in their godly recollection,
And they comprehend the truth, adore it and worship it as well.(189)

Although they remain in worldly pretence from head to feet,
You will never find them negligent of the Almighty, for a moment even.(190)

Their body may be a handful of dust,
But the virtuous Almighty has endowed them with piety.(191)

And this body of dust becomes the embodiment of godliness through his recollection,
Because they are the manifestation of the divine endowment.(192)

ਉਨ੍ਹਾਂ ਦੀ ਰੀਤੀ ਰੱਬ ਦੀ ਦਿਲਦਾਰੀ ਕਰਨਾ ਹੈ,
ਉਨ੍ਹਾਂ ਦੀ ਰੀਤੀ ਸਦਾ ਰੱਬ ਨਾਲ ਪ੍ਰੇਮ ਕਰਨਾ ਹੈ।(193)

ਹਰ ਕਿਸੇ ਨੂੰ ਅਜਿਹੇ ਭਾਗ ਕਿਵੇਂ ਨਸੀਬ ਹੋ ਸਕਦੇ ਹਨ?
ਅਮਰ ਦੌਲਤ ਤਾਂ ਉਨ੍ਹਾਂ ਦੀ ਸੰਗਤ ਵਿਚ ਹੈ।(194)

ਇਹ ਸੱਭ ਕੁਝ ਉਨ੍ਹਾਂ ਦੀ ਸੰਗਤ ਤੋਂ ਹੈ,
ਦੋਹਾਂ ਜਹਾਨਾਂ ਦੀ ਦੌਲਤ ਉਨ੍ਹਾਂ ਦੀ ਵਡਿਆਈ ਵਿਚ ਹੈ।(195)

ਉਨ੍ਹਾਂ ਦੀ ਸੰਗਤ ਬਹੁਤ ਫਾਇਦਾ ਬਖ਼ਸ਼ਦੀ ਹੈ,
ਮਿੱਟੀ ਦੇ ਸਰੀਰ ਦੀ ਖਜੂਰ ਸੱਚ ਦਾ ਫਲ ਲਿਆਉਂਦੀ ਹੈ।(196)

ਅਜੇਹੀ ਸੰਗਤ ਫੇਰ ਤੈਨੂੰ ਕਦ ਮਿਲੇਗੀ?
ਅਜੇਹੀ ਸੰਗਤ ਤੈਨੂੰ ਮਨੁਖਤਾ ਬਖਸ਼ਦੀ ਹੈ।(197)

ਮਨੁਖਤਾ ਦਾ ਭਾਵ ਰੱਬ ਨਾਲ ਮੇਲ ਹੈ,
ਬਿਨਾਂ ਰੱਬ ਦੇ ਜ਼ਿਕਰ ਤੋਂ ਸੱਭ ਨਾਲੋਂ ਟੁੱਟਣਾ ਹੈ।(198)

Their conviction 'is to seek the celestial vision,
And their protocol is, forever, to adore the Almighty.(193)

How can every one have such a fortune?
The eternal wealth is in their company only.(194)

All this is acquired through their audience,
And the wealth of both the domains is in their acclaim.(195)

Their association endows extreme benefits,
The date-plam of their earthly frame, bears the fruits of truth.(196)

When would you again have access to such a congregation?
As only such a congregation endows you with the compassion.(197)

The aim of the humanity is to seek association with the Almighty,
As without the acknowledgement of the Almighty, it is severance from all.(198)

ਜਦ ਮੱਨੁਖ ਦਾ ਦਿਲ ਉਸ ਰੱਬ ਦੇ ਸਿਮਰਨ ਦੇ ਰਾਹ ਪੈ ਗਿਆ,
ਤਾਂ ਉਹ ਉਮਰ ਅਤੇ ਆਤਮਾ ਦੀ ਪਰਾਪਤੀ ਤੋਂ ਵਾਕਿਫ ਹੋ ਗਿਆ।(199)

ਉਸ ਦਾ ਇਸ ਘੁੰਮਦੇ ਹੋਏ ਆਸਮਾਨ ਨਾਲੋਂ ਵਾਸਤਾ ਜਾਂਦਾ ਰਿਹਾ (ਅਰਥਾਤ ਉਹ ਜਨਮ ਮਰਨ ਤੋਂ ਰਹਿਤ ਹੋ ਗਿਆ)। ਜਗਿਆਸੂਆਂ ਵਾਂਗ ਉਹ ਸੰਸਾਰ ਤੋਂ ਵਿਰਕਤ ਹੋ ਗਿਆ(200)

ਜਿਸ ਕਿਸੇ ਨੇ ਆਪਣੇ ਦਿਲ ਨੂੰ ਰੱਬ ਦੀ ਯਾਦ ਨਾਲ ਰੰਗ ਲਿਆ,
ਦੋਹਾਂ ਜਹਾਨਾਂ ਵਿਚ ਉਸ ਦੀ ਮਹਿਮਾ ਹੋਣ ਲਗੀ।(201)

ਉਸ ਦੇ ਸਰੀਰ ਅੰਦਰ ਸੂਰਜ ਚਮਕ ਪਿਆ,
ਰੱਬ ਦੇ ਭਗਤਾਂ ਦੀ ਸੰਗਤ ਵਿਚ ਉਸ ਨੇ ਸੱਚ ਪਰਾਪਤ ਕਰ ਲਿਆ।(202)

ਉਸ ਨੇ ਦਿਨ ਰਾਤ ਰੱਬ ਦਾ ਨਾਮ ਧਿਆਇਆ,
ਰੱਬ ਦਾ ਜ਼ਿਕਰ ਹੀ ਉਸ ਦਾ ਸਹਾਈ ਹੋਇਆ।(203)

ਰੱਬ ਦੇ ਸਿਮਰਨ ਨੇ ਜਿਸ ਕਿਸੇ ਦੀ ਸਹਾਇਤਾ ਕੀਤੀ,
ਉਸ ਦਾ ਉਜੜਿਆ ਹੋਇਆ ਘਰ ਸੱਚ ਦੀ ਪ੍ਰਾਪਤੀ ਨਾਲ ਆਬਾਦ ਹੋ ਗਿਆ।(204)

When the human heart takes its way to the godly avenue,
It gets awareness of its temporal entity and spiritual attainment.(199)

He gets emancipated from earthly and heavenly transmigration,
And, like the seekers, he is liberated from the worldly attachments.(200)

The one who tinged his heart with the godly hue,
He earned the acclaims in both the worlds.(201)

The sun, beamed in his inner most,
As he secured the truth in the association of the godly adherents.(202)

Day and night, he recollected the name of the Almighty,
And the divine appellation persisted as his comfort.(203)

Whosoever was facilitated though divine meditation,
His deserted abode regained rejuvenation through the truthfulness.(204)

Sri Satguru Jagjit Singh Ji Elibrary NamdhariElibrary@gmail.com

ਰੱਬ ਦੀ ਯਾਦ ਇਕ ਬਹੁਤ ਵੱਡਾ ਧਨ ਹੈ,
ਅਜਿਹਾ ਧਨ. ਸੰਸਾਰ ਦੇ ਖਜ਼ਾਨਿਆਂ,ਮਾਲ ਅਤੇ ਚਾਂਦੀ ਤੋਂ ਕਿਵੇਂ ਮਿਲ ਸਕਦਾ ਹੈ?(205)

ਜਿਸ ਕਿਸੇ ਨੇ ਰੱਬ ਦੀ ਇਛਾ ਕੀਤੀ ,ਰੱਬ ਨੇ ਉਸ ਨੂੰ ਚਾਹਿਆ,
ਰੱਬ ਦਾ ਪਰੇਮ ਸਭ ਤੋਂ ਚੰਗੀ ਰਸਾਇਣ ਹੈ।(206)

ਇਸ ਸਰੀਰ ਦੇ ਮਨੋਰਥ ਦਾ ਜੌਹਰ ਰੱਬ ਦੀ ਯਾਦ ਹੈ,
ਪਰੰਤੂ ਉਹ ਗੁਰਮੁਖਾਂ ਦੀ ਜੀਭਾਂ ਉਤੇ ਵਸਦਾ ਹੈ।(207)

ਪਾਰਸਾਈ ਉਹੀ ਹੀ ਕਿਸੇ ਕੰਮ ਦੀ ਹੈ,ਜਿਹੜੀ ਸੱਚ ਲਈ ਹੋਵੇ,
ਉਹ ਪਾਤਸ਼ਾਹੀ ਕਿਸ ਕੰਮ,ਜਿਹੜੀ ਬਿਅਰਥ ਹੋਵੇ।(208)

ਰਿੰਦ ਅਤੇ ਪਾਰਸਾ ਦੋਵੇਂ ਦੀ ਚਾਹਵਾਨ ਹਨ,
ਵੇਖੀਏ, ਉਹ ਪਾਰਬ੍ਰਹਮ ਪਰਮੇਸ਼ਰ ਕਿਸ ਨੂੰ ਚਾਹੁੰਦਾ ਹੈ।(209)

ਬੰਦਾ ਤਾਂ ਹੀ ਹੁੰਦਾ ਹੈ ਜੇਕਰ ਉਹ ਬੰਦਗੀ ਲਈ ਹੈ,
ਬਿਨਾਂ ਰੱਬ ਦੇ ਜ਼ਿਕਰ ਦੇ ਸਭ ਸ਼ਰਮਿੰਦਗੀ ਹੈ।(210)

The godly remembrance is an enormous wealth,
And it surpasses all the treasures, commodities and silver.(205)

Whosoever aspires for the Almighty, the Almighty adores him,
And, consequently, the godly love affects him as prominent elixir.(206)

The purpose of this body's aspiration is the recollection of the Almighty,
However, it dwells in the eloquence of the holy men.(207)

Only that holiness is worth, which is rendered for the truthfulness,
What worth is that sovereignty which is meaningless?(208)

Both, the drunkard and the teetotaller, are aspirants,
See, for whom that Celestial Being craves.(209)

The human is that one who yearns for worship,
As, without the godly pontification, it is all dishonour.(210)

ਪਰੰਤੂ ਜ਼ਾਹਰਾ ਤੌਰ ਤੇ ਉਹ ਹੀ ਸਹੀ ਹੈ,
ਜਿਸ ਨੇ ਪੂਰਨ ਸਤਿਗੁਰੂ ਨੂੰ ਪਰਾਪਤ ਕਰ ਲਿਆ ਹੈ।(211)

ਦੀਨ ਅਤੇ ਦੁਨੀਆਂ ਦੋਵੇਂ ਹੀ ਉਸ ਰੱਬ ਦੇ ਆਗਿਆਕਾਰ ਹਨ,
ਦੋਵੇਂ ਜਹਾਨ ਉਸ ਰੱਬ ਦੇ ਦੀਦਾਰ ਦੇ ਚਾਹਵਾਨ ਹਨ।(212)

ਜਿਸ ਕਿਸੇ ਦਾ ਪ੍ਰੇਮ ਰੱਬ ਦੇ ਨਾਮ ਨਾਲ ਹੋ ਜਾਂਦਾ ਹੈ,
ਅਸਲ ਵਿਚ ਉਹ ਪੂਰਨ ਜਗਿਆਸੂ ਬਣ ਜਾਂਦਾ ਹੈ।(213)

ਰੱਬ ਦੇ ਜਗਿਆਸੂ ਰੱਬ ਦਾ ਸਿਮਰਨ ਕਰਦੇ ਹਨ।
ਰੱਬ ਦਾ ਜਗਿਆਸੂ ਸਭ ਨੂੰ ਸੁੰਦਰ ਬਣਾ ਦਿੰਦਾ ਹੈ।(214)

ਸੱਚ ਤਾਂ ਇਹ ਹੈ ਕਿ ਤੂੰ ਰੱਬ ਦਾ ਬੰਦਾ ਬਣਿਆ ਰਹੁ,
ਬੇਅਦਬ (ਮਨਮੁਖ) ਰੱਬ ਤੋਂ ਸਦਾ ਸ਼ਰਮਸਾਰ ਹੁੰਦਾ ਹੈ।(215)

ਉਮਰ ਉਹੀ ਚੰਗੀ ਹੈ, ਜੋ ਰੱਬ ਦੀ ਯਾਦ ਵਿਚ ਗੁਜ਼ਰੇ,
ਉਹ ਉਮਰ ਕਿਸ ਕੰਮ,ਜੋ ਅਜਾਈਂ ਗੁਜ਼ਰ ਜਾਏ ?(216)

However, apparently only that one is befitting,
Who has achieved the absolute preceptor.(211)

Both, the temporal and the celestial worlds are obedient to the Almighty,
And both the domains are aspiring for a glimpse of the Almighty.(212)

Whose affection is directed towards the Almighty,
Authentically, he becomes a seeker of the knowledge.(213)

The celestial seekers delve into the worship of the Almighty,
And the godly aspirant showers resplendence upon all.(214)

The reality is that you must linger on as a man of God,
A disrespectful one faces perpetual celestial humiliation.(215)

That age is auspicious which is expended in the godly remembrance,
Otherwise what good is that time, which is spent vainly?(216)

ਬੰਦਾ ਬੰਦਗੀ ਲਈ ਪੈਦਾ ਹੋਇਆ ਹੈ,
ਭਜਨ ਬੰਦਗੀ ਹੀ ਜ਼ਿਦਗੀ ਦਾ ਇੱਕੋ ਇਲਾਜ ਹੈ।(217)

ਸੁਭਾਗੀ ਹੈ ਉਹ ਅੱਖ ਜਿਸ ਨੇ ਪਿਆਰੇ ਦਾ ਮੁਖੜਾ ਵੇਖ ਲਿਆ,
ਦੋਹਾਂ ਜਹਾਨਾਂ ਦੀ ਅੱਖ ਦੀ ਪੁਤਲੀ ਉਸ ਦੇ ਵਲ ਹੀ ਲਗੀ ਹੋਈ ਹੈ(218)

ਇਹ ਜਹਾਨ ਅਤੇ ਉਹ ਜਹਾਨ ਸੱਚ ਨਾਲ ਭਰਪੂਰ ਹਨ,
ਪਰ ਰੱਬ (ਸਤਿ) ਦੇ ਭਗਤ ਇਸ ਦੁਨੀਆਂ ਵਿਚ ਵਿਰਲੇ ਹੀ ਹਨ।(219)

ਜੋ ਕੋਈ ਰੱਬ ਨਾਲ ਇਕ ਮਿਕ ਹੋ ਗਿਆ,
ਉਸ ਦਾ ਜਸ ਰੂਮ ਅਤੇ ਹਬਸ਼ ਦੇਸ਼ਾਂ ਤਕ ਫੈਲ ਗਿਆ।(220)

ਰੱਬ ਦੇ ਸਰੂਪ ਵਿਚ ਸਮਾ ਜਾਣਾ ਹੀ ਰੱਬ ਦਾ ਪ੍ਰੇਮ ਹੈ,
ਰੱਬ ਦੇ ਪ੍ਰੇਮ ਵਿਚ ਹੀ ਬੰਦੇ ਨੂੰ ਸਦੀਵੀ ਸੁੱਖ ਹੈ।(221)

ਉਹ ਸਾਹਿਬ ਦੇ ਰੰਗ ਵਿਚ ਮਾਨ ਸਤਿਕਾਰ ਵਾਲਾ ਹੈ,
ਅਸੀਂ ਬੰਦਗੀ ਦੇ ਰੰਗ ਵਿਚ ਉਸ ਦੀ ਸ਼ਰਨ ਲਈ ਹੈ।(222)

Man is born to worship,
And meditation and reminiscing are eternal remedies.(217)

Fortunate is the eye, which has attained vision of the lover's countenance,
As the pupils of both the domains are always directed towards him.(218)

Both, this world and that world, are permeated with truth,
But true godly beings are rare on this earth.(219)

The one who has become one with the Almighty,
Is admired throughout the countries of Rome and Habash.(220)

To blend with the entity of the Almighty is the godly affection,
And in the fondness for God, there lies the eternal bliss.(221)

Under the shade of the Master, he is worthy and respectable,
And we, under the shade of worship, are seeking his shelter.(222)

ਉਹ ਸਾਹਿਬ ਦੇ ਰੰਗ ਵਿਚ ਸੰਸਾਰ ਦਾ ਬਾਦਸ਼ਾਹ ਹੈ,
ਅਸੀਂ ਬੰਦਗੀ ਦੇ ਰੰਗ ਵਿਚ ਉਸ ਦੇ ਸਾਮ੍ਹਣੇ ਭਿਖਾਰੀ ਹਾਂ।(223)

ਉਹ ਸਾਹਿਬ ਦੇ ਰੰਗ ਵਿਚ ਸਾਡੀ ਪ੍ਰਿਤਪਾਲਣਾ ਕਰਦਾ ਹੈ,
ਬੰਦੇ ਨੂੰ ਬੰਦਗੀ ਨਾਲ ਹੀ ਉਸ ਦਾ ਪਤਾ ਲਗਦਾ ਹੈ।(224)

ਉਮਰਾਂ ਭਰ ਉਹ ਅਜਿਹੀ ਦੌਲਤ ਨੂੰ ਢੂੰਡਦੇ ਰਹੇ,
ਸਾਲਾਂ ਬੱਧੀ ਉਹ ਅਜਿਹੀ ਸੰਗਤ ਦੇ ਇਛਾਵਾਨ ਰਹੇ।(225)

ਜਿਸ ਕਿਸੇ ਨੂੰ ਉਸ ਦੌਲਤ ਦਾ ਇਕ ਜ਼ਰਾ ਵੀ ਪਰਾਪਤ ਹੋ ਗਿਆ,
ਉਹ ਸਹਿਜੇ ਹੀ ਇਕ ਵਚਿਤ੍ਰ ਸੂਰਜ ਬਣ ਗਿਆ।(226)

ਉਸ ਰੱਬ (ਸੱਚ) ਤੋਂ ਬਿਨਾਂ ਸਭ ਗਫ਼ਲਤ ਹੈ,
ਉਸ ਰੱਬ ਦੀ ਯਾਦ ਭਾਗਾਂ (ਵਾਲਿਆਂ)ਦਾ ਵੱਡਾ ਸਰਮਾਇਆ ਹੈ।(227)

ਰੱਬ ਦੇ ਦਰਸ਼ਨ ਤਾਂ ਪਰਾਪਤ ਹੁੰਦੇ ਹਨ;
ਜੇ ਕਰ ਗੁਰਮੁਖਾਂ ਦੀ ਸੰਗਤ ਦਾ ਅਸਰ ਹੋ ਜਾਵੇ।(228)

He, in the footsteps of the Master, is the sovereign of the universe,
And under the shade of the worship, while meeting him, we remain just the supplicants.(223)

He, in the guise of the Master, helps us all to subsist,
And through the worship alone we come to know of him.(224)

Throughout the ages they strove for such (godly) fortunes,
And spent all their lives aspiring for such company.(225)

One who attains just an iota of such (divine) affluence,
Ultimately epitomizes a radiating Sun.(226)

Except that celestial entity, all is dereliction.
And the godly recollection is the wealthy possession of the blessed ones.(227)

The glimpses of the godly vision are gained,
Only if the congregation of the holy men affects one.(228)

ਜੇ ਕਰ ਸੱਚ ਦਾ ਇਕ ਹਰਫ ਵੀ ਦਿਲ ਵਿਚ ਘਰ ਕਰ ਜਾਏ,
ਤਾਂ ਉਸ ਦੇ ਵਾਲਾਂ ਦੀ ਹਰ ਜੜ੍ਹ ਤਕ ਸੱਚ ਹੀ ਸੱਚ ਸਮਾ ਜਾਂਦਾ ਹੈ।(229)

ਜੋ ਕੋਈ ਵੀ ਆਪਣੇ ਆਪ ਨੂੰ ਰੱਬ ਦੇ ਰਾਹ ਲਿਆਉਂਦਾ ਹੈ,
ਉਸ ਦੇ ਮੁਖੜੇ ਤੋਂ ਰੱਬ ਦਾ ਨੂਰ ਵਰ੍ਹਦਾ ਹੈ।(230)

ਇਹ ਸਭ ਮਿਹਰ ਅਤੇ ਬਖਸ਼ਿਸ਼ ਉਨ੍ਹਾਂ ਦੀ ਸੰਗਤ ਦੀ ਹੈ,
ਰੱਬ ਦੇ ਪਿਆਰਿਆਂ ਦੀ ਸੰਗਤ ਇਕ ਵੱਡੀ ਦੌਲਤ ਹੈ।(231)

ਕੋਈ ਵੀ ਉਨ੍ਹਾਂ ਗੁਰਮੁਖਾਂ ਦੀ ਅਵਸਥਾ ਤੋਂ ਵਾਕਫ ਨਹੀਂ,
ਹਰ ਛੋਟੇ ਮੋਟੇ ਦੀ ਉਥੋਂ ਤਕ ਪਹੁੰਚ ਨਹੀਂ।(232)

ਵੇਖਣ ਵਿਚ ਉਹ ਰੱਬ ਦੀ ਜ਼ਾਤ ਦਾ ਰੂਪ ਹਨ,
ਅਸਲ ਵਿਚ ਉਹ ਦੋਹਾਂ ਜਹਾਨਾਂ ਲਈ ਪਨਾਹ ਹਨ।(233)

ਉਹ ਆਪਣਾ ਕਿੱਤਾ ਕਰਦੇ ਹੋਏ ਵੀ ਕਿਰਤ ਤੋਂ ਆਜ਼ਾਦ ਹਨ,
ਉਹ ਆਪਣੀ ਆਯੂ ਰੱਬ ਦੀ ਯਾਦ ਵਿਚ ਲੰਘਾਂਦੇ ਹਨ।(234)

Even if one word of truth secures abode in the heart,
Then, through the root of each hair, the veracity will prevail.(229)

Whosoever puts himself on the godly path,
Gets the celestial resplendence on his face.(230)

It is all the benevolence of their association,
As the divine company is a magnanimous treasure.(231)

Nobody knows the state of those holy men,
Because not all and sundry can get an access to them.(232)

Apparently they seem to be the embodiment of the Almighty,
But, in fact, they are the sanctuary for both the domains.(233)

In spite of performing their jobs, they are not restrained by their work.
As they expend their ages in the remembrance of the Almighty.(234)

ਉਹ ਆਪਣੇ ਆਪ ਨੂੰ ਕੀੜੀ ਸਮਾਨ ਸਮਝਦੇ ਹਨ,
ਅਸਲ ਵਿਚ ਭਾਂਵੇਂ ਉਹ ਭਿਆਨਕ ਹਾਥੀ ਨਾਲੋਂ ਵੀ ਜ਼ੋਰ ਵਾਲੇ ਹਨ।(235)

ਜੋ ਕੁਝ ਵੀ ਤੂੰ ਵੇਖਦਾ ਹੈਂ, ਇਹ ਸਭ ਉਨ੍ਹਾਂ ਤੇ ਹੈਰਾਨ ਹਨ,
ਉਨ੍ਹਾਂ ਦੀ ਸ਼ਾਨ ਇਮਤਿਹਾਨ ਤੋਂ ਵਡੇਰੀ ਹੈ।(236)

ਰੱਬ ਦੇ ਪਿਆਰਿਆਂ ਦੀ ਸੰਗਤ ਇਕ ਵੱਡੀ ਬਖਸ਼ਿਸ਼ ਹੈ,
ਅਜਿਹੀ ਦੌਲਤ ਅਤੇ ਨੇਕ ਬਖ਼ਤੀ ਨੂੰ ਕੋਈ ਚਿੰਤਾ, ਗਮ ਨਹੀਂ।(237)

ਉਹ ਆਪ ਬਹੁਤ ਉਚੇਰੇ ਅਤੇ ਵਡੇਰੇ ਹਨ, ਤੇ ਜਿਸ ਨੇ ਵੀ
ਉਨ੍ਹਾਂ ਦੀ ਸੰਗਤ ਕੀਤੀ, ਉਸ ਨੇ ਹਰ ਥਾਂ ਵਡਿਆਈ ਪਾਈ।(238)

ਜਿਸ ਕਿਸੇ ਨੇ ਆਪਣੇ ਅਸਲੇ ਨੂੰ ਪਛਾਣ ਲਿਆ,
ਸਮਝੋ ਉਸ ਨੇ ਬੰਦਗੀ ਦਾ ਮਾਰਗ ਫੜ ਲਿਆ।(239)

ਇਹ ਧਰਤੀ ਅਤੇ ਅਸਮਾਨ ਰੱਬ ਨਾਲ ਭਰਪੂਰ ਹਨ,
ਪਰ ਇਹ ਸੰਸਾਰ ਹਰ ਪਾਸੇ ਭੱਜਾ ਫਿਰਦਾ ਹੈ ਕਿ ਉਹ ਰੱਬ ਕਿਥੇ ਹੈ।(240)

They consider themselves to be as humble as an ant,
Although, they possess the might of the dreaded elephant.(235)

Whatever you observe around, gets overwhelmed by them,
As their splendour is beyond any scrutiny.(236)

The congregation of the godly lovers is a superb blessing,
And such wealth and generosity cannot be affected by any worries or sorrows.(237)

They, themselves, are lofty and magnanimous,
And whosoever revels in their company, is highly acclaimed.(238)

Deem one who has recognised his roots,
to have attained the path of the worship.(239)

Both this earth and the heaven are diffused with the pious existence,
But this temporal world is running around to find 'where God, Almighty is.'(240)

ਜੇਕਰ ਅੱਖਾਂ ਰੱਬ ਦੇ ਦੀਦਾਰ ਤੇ ਲੱਗ ਜਾਣ,
ਫਿਰ ਜੋ ਕੁਝ ਵੀ ਤੇਨੂੰ ਦਿਸੇਗਾ,ਉਹ ਰੱਬ ਦਾ ਦਰਸ਼ਨ ਹੀ ਹੋਵੇਗਾ।(241)

ਜਿਸ ਨੇ ਉਨ੍ਹਾਂ(ਗੁਰਮੁਖਾਂ) ਨੂੰ ਵੇਖ ਲਿਆ, ਸਮਝੋ ਉਸ ਨੇ ਰੱਬ ਦੇ ਦਰਸ਼ਨ ਕਰ ਲਏ,
ਅਤੇ ਉਸ ਨੇ ਬੰਦਗੀ ਦਾ ਰਾਹ ਅਨੁਭਵ ਕਰ ਲਿਆ।(242)

ਇਹ ਅਕਾਲ ਪੁਰਖ ਦੀ ਪ੍ਰੇਮਰੀਤੀ ਅਜਬ ਰੰਗ ਲਿਆਉਂਦੀ ਹੈ,
ਅਜੇਹੀ ਪ੍ਰੇਮਾ-ਭਗਤੀ ਦੇ ਅੰਗ ਅੰਗ ਵਿਚੋਂ ਰੱਬ ਦੇ ਨੂਰ ਦੀ ਬਰਖਾ ਹੁੰਦੀ ਹੈ।(243)

ਉਹ ਇਸ ਮਾਯਾ ਦਾ ਸਾਹਿਬ ਹੈ, ਇਹ ਉਸੇ ਦਾ ਹੀ ਰੂਪ ਹੈ,
.ਸਤਿਕਾਰ ਅਤੇ ਸਿਜਦਿਆਂ ਸਹਿਤ ਉਸੇ ਦੀ ਬੰਦਗੀ ਸਦਾ ਸੋਭਦੀ ਹੈ।(244)

ਉਹ ਹੀ ਸਾਹਿਬ ਦਾ ਰੂਪ ਹੈ ਤੇ ਉਸੇ ਦਾ ਹੀ ਹੁਕਮ ਹੈ,
ਸਿਰ ਤੋਂ ਪੈਰਾਂ ਤਕ ਦੀ ਬੰਦਗੀ ਹੀ ਉਸ ਤੋਂ ਹੈ।(245)

ਸਾਹਿਬ ਸਾਹਿਬਾਂ ਨਾਲ ਹੀ ਸਦਾ ਸੋਭਦਾ ਹੈ,
ਬੰਦੇ ਦੀ ਬੰਦਗੀ ਵੀ ਸਦਾ ਕਾਇਮ ਰਹਿੰਦੀ ਹੈ।(246)

If the eyes get focussed on the godly vision,
Whatever becomes visible, it is celestial glimpse.(241)

Whosoever saw them (the holy-men), deem, he had godly glimpse,
And he had perceived the way to worship.(242)

This affection for the Almighty affects in strange ways,
As, through each element of such fondness, godly splendour is showered.(243)

He is the master of this illusion as it is his own image,
And through the supplication and obeisance only his worship becomes meritorious.(244)

He himself is the embodiment of the Almighty,
And his meditation flows through the entire human body.(245)

The masters attain honour through the Master,
Consequently the human being should persist in worship.(246)

ਸਾਹਿਬਾਂ ਦਾ ਸੁਭਾਵ ਸਾਹਿਬੀ (ਵਡਿਆਈ)ਕਰਨਾ ਹੈ,
ਬੰਦੇ ਦੀ ਬੰਦਗੀ ਵਿਚ ਹੀ ਬਸੰਤ ਦੀ ਰੁਤ ਹੈ।(247)

ਸਾਹਿਬਾਂ ਦੀ ਵਡਿਆਈ ਸਦੀਵੀ ਹੁੰਦੀ ਹੈ,
ਬੰਦੇ ਦੀ ਬੰਦਗੀ ਵੀ ਸਦਾ ਕਾਇਮ ਰਹਿੰਦੀ ਹੈ।(248)

ਤੂੰ ਇਸ ਲਈ ਉਸ ਤੋਂ ਮੂੰਹ ਫੇਰ ਲਿਆ ਹੈ(ਕੁਰਾਹੇ ਪੈ ਗਿਆ ਹੈਂ)
ਕਿ ਮਾਯਾ ਦੀ ਖ਼ਾਤਰ ਤੂੰ ਰੱਬ ਤੋਂ ਮੂੰਹ ਮੋੜ ਲਿਆ ਹੈ।(249)

ਦੁਨੀਆਂ ਦੀ ਦੌਲਤ ਸਦਾ ਰਾਹਿਣ ਵਾਲੀ ਨਹੀਂ,
(ਇਸ ਲਈ)ਤੂੰ ਛਿਨ ਪਲ ਲਈ ਤਾਂ ਰੱਬ ਵਲ ਆਪਣੇ ਆਪ ਨੂੰ ਮੋੜ।(250)

ਜਦ ਤੇਰਾ ਦਿਲ ਰੱਬ ਦੀ ਯਾਦ ਵਲ ਝੁਕਿਆ,
ਫਿਰ ਉਹ ਪਾਕ ਪਰਵਰਦਗਾਰ ਤੈਥੋਂ ਕਦ ਵਖ ਹੈ?।(251)

ਜੇ ਤੂੰ ਰੱਬ ਦੇ ਉਚ ਧਿਆਨ ਤੋਂ ਬੇਪਰਵਾਹ ਰਿਹਾ,
ਤਾਂ ਹੇ ਹੋਸ਼ ਵਾਲੇ,ਤੇਰਾ ਤੇ ਰੱਬ ਦਾ ਮੇਲ ਕਿਹਾ(ਤੂੰ ਕਿਥੇ ਅਤੇ ਉਹ ਕਿਥੇ)?(252)

The master's trait should be the admiration of the Master,
As only through the godly achievements, the Spring is savoured.(247)

The Master's praises are eternal,
And the man's meditation remains dynamic for ever.(248)

You have turned your back on the Master,
Because under illusion you have renounced him.(249)

The temporal wealth is transient,
And, therefore, may be momentarily, divert your attention to the Almighty.(250)

When your heart is permeated through the remembrance of the Almighty,
How can That All-provider stay alienated from you.(251)

If you remain oblivious of the celestial consciousness,
O, the benighted one, what alliance prevails between you and him?(252)

ਉਸ ਦੀ ਯਾਦ ਦੋਹਾਂ ਜਹਾਨਾਂ ਦੇ ਦਰਦਾਂ ਦੀ ਦਵਾਈ ਹੈ,
ਉਸ ਦੀ ਯਾਦ ਹਰ ਭੁੱਲੜ ਨੂੰ ਰਾਤ ਦੱਸਣ ਵਾਲੀ ਹੈ।(253)

ਉਸ ਦੀ ਯਾਦ ਸਭਨਾਂ ਲਈ ਜ਼ਰੂਰੀ ਹੈ,
ਉਸ ਦੀ ਯਾਦ ਨੂੰ ਭੁਲ ਜਾਣ ਵਾਲਾ ਦੋਸ਼ੀ ਹੈ।(254)

ਹੇ ਅਕਾਲ ਪੁਰਖ! ਇਸ ਬੰਦੇ ਨੂੰ ਅਜਿਹੀ ਹਿੰਮਤ ਬਖ਼ਸ਼,
ਤਾਂ ਜੋ ਇਹ ਉਮਰ ਤੇਰੀ ਯਾਦ ਵਿਚ ਭਲੀ ਗੁਜ਼ਾਰੇ।(255)

ਉਮਰ ਓਹੀ ਹੀ ਹੈ, ਜੋ ਰੱਬ ਦੀ ਯਾਦ ਵਿਚ ਗੁਜ਼ਰੇ,
ਜੋ ਇਸ ਤੋਂ ਬਿਨਾਂ ਗੁਜ਼ਰੇ, ਬਿਅਰਥ ਹੈ।(256)

ਰੱਬ ਦੀ ਯਾਦ ਨਾਲੋਂ ਹੋਰ ਕੋਈ ਮਨੋਰਥ ਚੰਗੇਰਾ ਨਹੀਂ,
ਰੱਬ ਦੀ ਯਾਦ ਬਿਨਾਂ ਸਾਡਾ ਚਿੱਤ ਪ੍ਰਸੰਨ ਨਹੀਂ ਹੋ ਸਕਦਾ।(257)

ਰੱਬ ਦੀ ਯਾਦ ਵਿਚ ਸਦੀਵੀ ਖੁਸ਼ੀ ਹੁੰਦੀ ਹੈ,
ਕਿੰਨੇ ਚੰਗੇ ਭਾਗ ਹਨ ਕਿ ਇਹ ਸਾਨੂੰ ਰਾਹ ਵਿਖਾਉਂਦੀ ਹੈ।(258)

His recollection is the remedy for the agonies of both the worlds,
And his remembrance is kindly light for all the forgetful ones.(253)

Reflecting upon his name is imperative for all,
And reprehensible is one who disregards him.(254)

O, Almighty, endow this man with such vigour,
That he expends his life imbued with your worship.(255)

That life is worth, which elapses in remembrance of the Almighty,
And the one passed without him is just dissipation.(256)

There is no purpose nobler than the recollection of the Almighty,
As, without reminiscing God, our mind cannot be satisfied.(257)

There is eternal happiness in the recollection of the Almighty,
And how lucky we are that this is leading us on a kindly way!(258)

ਭਾਵੇਂ ਉਹ ਰੱਬ(ਸੱਚ) ਸਾਰਿਆਂ ਦਿਲਾਂ ਵਿਚ ਵਸਦਾ ਹੈ,
ਫਿਰ ਇਕ ਗਿਆਨਵਾਨ ਹੀ ਸਿਦਕ ਈਮਾਨ ਦਾ ਬੰਦਾ ਹੁੰਦਾ ਹੈ।(259)

ਗਿਆਨਵਾਨ ਦੀ ਅੱਖ ਹੀ ਰੱਬ ਦੇ ਦੀਦਾਰ ਦੇ ਯੋਗ ਹੈ,
ਗਿਆਨਵਾਨ ਦਾ ਦਿਲ ਹੀ ਰੱਬ ਦੇ ਭੇਤਾਂ ਤੋਂ ਵਾਕਫ ਹੁੰਦਾ ਹੈ।(260)

ਤੂੰ ਸਦਾ ਰੱਬ ਦੇ ਭਗਤਾਂ ਦੀ ਸੰਗਤ ਕਰ,
ਤਾਂ ਜੋ ਤੂੰ ਉਸ ਦੀ ਬਰਕਤ ਸਦਕਾ ਮੁਕਤ ਹੋ ਜਾਵੇਂ।(261)

ਜੋ ਕੁਝ ਵੀ ਇਹ ਦਿਸਦਾ ਹੈ,ਇਹੁ ਉਨ੍ਹਾਂ ਦੀ ਸੰਗਤ ਕਰਕੇ ਹੈ,
ਕਿਉਂ ਜੋ ਇਹ ਸਰੀਰ ਅਤੇ ਜਾਨ ਸਭ ਉਸੇ ਦੀ ਆਤਮਾ ਹੈ।(262)

ਅੱਖ ਦੀਆਂ ਪੁਤਲੀਆਂ ਉਨ੍ਹਾਂ ਦੀ ਇਸ ਸੰਗਤ ਕਾਰਨ ਦੀ ਰੋਸ਼ਨ ਹਨ,
ਮੇਰੇ ਸਰੀਰ ਦੀ ਮਿੱਟੀ ਇਸ ਕਾਰਨ ਸਾਰੀ ਗੁਲਜ਼ਾਰ ਬਣ ਗਈ।(263)

ਵੱਡ ਭਾਗੀ ਹੈ ਉਹ ਸੰਗਤ,ਜਿਸ ਨੇ ਮਿਟੀ ਨੂੰ ਅਕਸੀਰ ਬਣਾ ਦਿੱਤਾ,
ਅਤੇ ਹਰ ਨਾਚੀਜ਼ ਨੂੰ ਸੂਝਵਾਨ ਬਣਾ ਦਿਤਾ।(264)

Although the Almighty abides in all the hearts,
Yet only a discerning one becomes resolutely faithful.(259)

Perception of the learned one only is worthy of Gods' vision,
As only an erudite person person can perceive his mysteries.(260)

Always remain in the assembly of the holy ones,
So that you can achieve emancipation through his benevolence.(261)

Whatever is visible, it is through their audience,
As this body and the soul, are all his being.(262)

The pupils of the eyes are glittering due to their association,
And, through their assembly, the dust of my body has turned into a flower-garden.(263)

Blessed is that congregation, which has transformed the dust into elixir,
And every humble one into an intelligent one.(264)

ਹਰ ਪਲ ਛਿਨ ਜਿਹੜਾ ਉਸ ਦੀ ਯਾਦ ਵਿਚ ਗੁਜ਼ਰਦਾ ਹੈ,
ਉਸ ਲਈ ਮੋਤੀ, ਲਾਲ ਅਤੇ ਜਵਾਹਰ ਬਣ ਜਾਂਦਾ ਹੈ।(265)

ਇਹ ਸੰਸਾਰ ਦੇ ਲਾਲ ਜਵਾਹਰ ਸਭ ਨਾਸ਼ਵਾਨ ਹਨ,
ਰੱਬ ਦੀ ਯਾਦ ਹੀ ਬੰਦੇ ਲਈ ਬਹੁ-ਮੁੱਲੀ ਹੁੰਦੀ ਹੈ।(266)

ਕੀ ਤੈਨੂੰ ਪਤਾ ਹੈ? ਕਿ ਰੱਬ ਦੇ ਭਗਤਾਂ ਦੀ ਕੀ ਰਹੁ ਰੀਤੀ ਹੈ,
ਉਹ ਜਨਮ ਮਰਨ ਦੀ ਕੈਦ ਤੋਂ ਸਦਾ ਮੁਕਤ ਹਨ।(267)

ਉਹ ਪਲ ਭਰ ਵੀ ਰੱਬ ਦੀ ਯਾਦ ਤੋਂ ਬਿਨਾਂ ਨਹੀਂ ਗੁਜ਼ਾਰਦੇ,
ਉਹ ਆਪਣੇ ਸੁੰਦਰ (ਯਾਦ ਦਾ) ਝੰਡੇ ਨੂੰ ਨੌਵਾਂ ਆਸਮਾਨਾਂ ਉਪਰ ਝੁਲਾਉਂਦੇ ਹਨ।(268)

ਉਹ ਸਾਰੀ ਰਚੀ ਹੋਈ ਸ਼ਿਸ਼ਟੀ ਦਾ ਭਲਾ ਮੰਗਦੇ ਹਨ,
ਇਸ ਸਾਰੀ ਸਜਾਵਟ ਨੂੰ ਸੁੰਦਰਤਾ ਬਖਸ਼ਣ ਵਾਲੇ ਹਨ।(269)

ਰੱਬ ਦੇ ਭਗਤਾਂ ਲਈ ਰੱਬ ਦਾ ਨਾਮ ਹੀ ਗਹਿਣਾ ਹੈ,
ਰੱਬ ਦੇ ਭਗਤਾਂ ਦੀ ਅੱਖ ਰੱਬ ਦੇ ਨੂਰ ਨਾਲ ਮੋਤੀਆਂ ਭਰੀ ਹੈ।(270)

Every minute and instant, which one spends in reminiscing him,
For him it is turned into a pearl, a garnet and a diamond.(265)

All these worldly diamonds and garnets are destructible,
Only the godly recollection is the most precious for the human beings.(266)

Do you know, what the attributes of the godly adherents are?
They are emancipated from the bondage of life and death.(267)

They cannot survive without the worship; not for a moment even,
And they wave their divine flag all over the nine regions.(268)

They aspire for the welfare of the whole universe,
And endow resplendence to all the embellishments.(269)

For the godly adherents, the divine remembrance is the adornment,
Because the eyes of the godly devotees are filled with the pearls of celestial splendour.(270)

ਉਨ੍ਹਾਂ ਦੇ ਬਚਨ ਅਮਰ ਜੀਵਨ ਦਾ ਪਾਠ ਹਨ,
ਉਨ੍ਹਾਂ ਦੀ ਜੀਭ ਉਪਰ ਰੱਬ ਦੀ ਯਾਦ ਰਹਿੰਦੀ ਹੈ।(271)

ਉਨ੍ਹਾਂ ਦਾ ਬਚਨ ਰੱਬੀ ਹੁਕਮ ਦਾ ਦਰਜਾ ਰਖਦੇ ਹਨ,
ਉਨ੍ਹਾਂ ਦਾ ਇਕ ਸਵਾਸ ਵੀ ਰੱਬ ਦੀ ਯਾਦ ਬਿਨਾਂ ਨਹੀਂ ਨਿਕਲਦਾ।(272)

ਇਹ ਸਾਰੇ(ਰੱਬ ਦੇ ਪਿਆਰੇ) ਰੱਬ ਦੇ ਦਰਸ਼ਨਾਂ ਦੇ ਮੁਸ਼ਤਾਕ ਹਨ,
ਇਹ ਦੁਨੀ ਸੁਹਾਵਾ ਬਾਗ ਰੱਬ ਦੀ ਹੀ ਫੁਲਵਾੜੀ ਹੈ।(273)

ਜਿਹੜਾ ਵੀ ਰੱਬ ਦੇ ਭਗਤਾਂ ਦਾ ਦੋਸਤ ਮਿਤ੍ਰ ਬਣਿਆ,
ਸਮਝੋ ਉਸ ਦਾ ਪਰਛਾਵਾਂ ਹੁਮਾ ਪੰਛੀ ਦੇ ਪਰਾਂ ਨਾਲੋਂ ਵੀ ਵਧੇਰੇ ਸੁਭਾਗਾ ਹੁੰਦਾ ਹੈ।
(ਕਹਿੰਦੇ ਹਨ,ਹੁਮਾ ਪੰਛੀ ਦਾ ਪਰਛਾਵਾਂ ਜਿਸ ਉਤੇ ਪੈ ਜਾਵੇ ਉਹ ਬਾਦਸ਼ਾਹ ਬਣ ਜਾਂਦਾ ਹੈ)।(274)

ਰੱਬ ਦੀ ਯਾਦ ਸਮਝੋ ਆਪਣਾ ਆਪਾ (ਖੁਦੀ) ਛਡਣਾ ਹੈ,
ਰੱਬ ਦੇ ਧਿਆਨ ਤੋਂ ਬਿਨਾ ਹਰ ਦੂਜੀ ਚੀਜ਼ (ਦੇ ਬੰਧਨ)ਤੋਂ ਮੁਕਤ ਹੋਣਾ ਹੈ।(275)

ਆਪਣੇ ਆਪ ਤੋਂ ਮੁਕਤ ਹੋਣਾ ਹੀ ਅਸਲੀ ਮੁਕਤੀ ਹੈ,
ਆਪਣੇ ਦਿਲ ਨੂੰ ਰੱਬ ਦੀ ਪ੍ਰੀਤੀ ਵਿਚ ਬੰਨ੍ਹਣਾ ਹੀ ਮੁਕਤੀ ਹੈ।(276)

Their discourses are the means of worship for eternal life,
And on their tongues, always remains the recollection of the Almighty.(271)

Their articulations epitomise the celestial authority,
And, even, one breath of theirs does not transpire without godly reflection.(272)

They all aspire for the godly glimpse,
As this world is the Almighty's flower-garden.(273)

The shadow of the one who won the fraternity of the godly devotees,
Is of those more auspicious than the shade under the spread-wings of the bird Huma.(274)

Deem the godly recollection as the surrender of the self, and
Except celestial love in the heart, as liberation from all others (attachments).(275)

To get the emancipation from one's own self, is the real deliverance,
And to submit the mind in the godly love is the real deliverance.(276)

ਜਿਸ ਕਿਸੇ ਨੇ ਰੱਬ ਨਾਲ ਦਿਲ ਲਾ ਲਿਆ,
ਉਹ ਸਮਝੋ ਨੌਵਾਂ ਤਾਲਿਆਂ ਵਾਲੇ ਆਸਮਾਨ ਨੂੰ ਵੀ ਛਾਲਾਂ ਮਾਰ ਕੇ ਟੱਪ ਗਿਆ।(277)

ਰੱਬ ਨਾਲ ਦਿਲ-ਜੁੜੇ ਅਜਿਹੇ ਭਗਤਾਂ ਦੀ ਸੰਗਤ,
ਸਮਝੋ ਰਸਾਇਨ ਹੈ,ਪਰ ਇਹ ਤੈਨੂੰ ਕਿਥੋਂ ਨਸੀਬ?(278)

ਦੀਨ ਅਤੇ ਦੁਨੀਆਂ ਦੋਵੇਂ ਹੈਰਾਨ ਹਨ,
ਇਸ ਹੱਦੋਂ ਵੱਧ ਹੈਰਾਨੀ ਕਾਰਨ ਪਰੇਸ਼ਾਨ ਹਨ।(279)

ਜਦ ਕਿਸੇ ਨੂੰ ਅਜਿਹੀ ਪਵਿੱਤ੍ਰ ਅਤੇ ਰੱਬੀ ਇੱਛਾ ਹੈ,
ਉਸ ਦਾ ਗੁਰੂ ਅੰਤ੍ਰੀਵ ਗਿਆਨ ਦਾ ਮਾਲਕ ਹੈ।(280)

ਰੱਬ ਨਾਲ ਮਿਲ ਚੁਕੇ ਗੁਰਮੁਖ ਪਿਆਰੇ ਤੈਨੂੰ ਉਸ ਨਾਲ ਮਿਲਾ ਦਿੰਦੇ ਹਨ,
ਉਹ ਅਮਰ ਦੌਲਤ ਪਰਾਪਤ ਕਰਦੇ ਹਨ।(281)

ਇਕ ਗਿਆਨਵਾਨ ਲਈ ਏਹੀ ਇਕ ਅਮਰ ਪਰਾਪਤੀ ਹੈ,
ਇਹ ਕਥਨ ਆਮ ਮਸ਼ਹੂਰ ਹੈ, ਇਸ ਨੂੰ ਸਭ ਜਾਣਦੇ ਹਨ।(282)

Deem the one who fell in love with the Almighty,
As leaping through all the nine heavenly domains.(277)

The company of the devotees with hearts engrossed in celestial love,
Is an elixir; but how can that be your destiny?(278)

Both, the heaven and the earth, are in predicament,
And being in a dilemma, they are perplexed.(279)

Any one who possesses godly and pious aspiration,
Must receive eternal knowledge from his holy guide.(280)

The celestially enlightened ones lead you to meet God,
As they have secured the nectar of immortality.(281)

This is the eternal achievement for an enlightened one,
This fact is well-known and acclaimed universally.(282)

ਗਿਆਨਵਾਨ, ਪਹੁੰਚੇ ਹੋਏ ਅਤੇ ਉਸ ਸ਼ਹੁ ਨਾਲ ਮਿਲ ਚੁਕੇ ਪਰੇਮੀ,
ਸਦਾ ਉਸ ਦਾ ਨਾਮ ਹੀ ਜਪਦੇ ਹਨ।(283)

ਰੱਬ ਦਾ ਨਾਮ ਜਪਣਾ ਹੀ ਉਨ੍ਹਾਂ ਦੀ ਬੰਦਗੀ ਹੈ,
ਰੱਬ ਦੀ ਅਮਰ ਦੌਲਤ ਉਸੇ ਦਾ ਰਾਹ ਦਰਸਾਂਦੀ ਹੈ।(284)

ਜਦ ਅਮਰ ਦੌਲਤ ਆਪਣਾ ਮੁਖੜਾ ਵਿਖਾਵੇ,
ਤੂੰ ਰੱਬ ਦਾ ਹੋ ਗਿਆ ਅਤੇ ਰੱਬ ਤੇਰਾ ਹੋ ਗਿਆ।(285)

ਜੇ ਕਰ ਦਿਲ ਤੇ ਰੱਬ ਦਾ ਪਰਛਾਵਾਂ ਪੈ ਜਾਵੇ,
ਤਾਂ ਦਿਲ ਦੇ ਪੈਰ ਵਿਚੋਂ,ਸਮਝੋ,ਵਿਛੋੜੇ ਦਾ ਕੰਡਾ ਨਿਕਲ ਗਿਆ।(286)

ਵਿਛੋੜੇ ਦਾ ਕੰਡਾ ਜਦ ਦਿਲ ਦੇ ਪੈਰ ਤੋਂ ਨਿਕਲ ਗਿਆ,
ਤਾਂ ਦਿਲ ਦਾ ਮੰਦਰ ਰੱਬ ਨਾਲ ਵਸ ਗਿਆ।(287)

ਉਸ ਪਾਣੀ ਦੇ ਕਤਰੇ ਵਾਂਗ,ਜਿਹੜਾ ਸਾਗਰ ਵਿਚ ਜਾ ਡਿੱਗਾ,
ਸਾਗਰ ਬਣ ਗਿਆ,(ਰੱਬ ਦੇ ਚਰਨੀ ਢਠਿਆਂ ਨੂੰ) ਰੱਬ ਦਾ ਮਿਲਾਪ ਹੋ ਗਿਆ।(288)

The self-realised, enlightened, and affectionate devotees,
Forever meditate upon his name.(283)

To recount the godly name is their worship,
And eternal prosperity leads to his path.(284)

When the eternal prosperity displays its semblance,
Deem that, you belong to the Almighty and the Almighty belongs to you.(285)

If the heart is silhouetted by the godly shadow,
Deem that the thorn of the separation is eliminated from the core of the heart.(286)

When the thorn of the separation goes out of the core of the heart,
The heart's chamber is inhabited by the Almighty's existence.(287)

Like the drop of water which falls into the river,
And submerges into the water, (the godly beings) seek the godly rapprochement.(288)

ਜਦ ਕਤਰਾ ਸਾਗਰ ਨਾਲ ਰਲ ਗਿਆ,
ਉਸ ਪਿਛੋਂ ਉਹ ਉਸ ਤੋਂ ਅੱਡ ਨਹੀਂ ਹੋ ਸਕਦਾ।(289)

ਕਤਰਾ ਜਦ ਦਰਿਆ ਵਲ ਨੂੰ ਵਗ ਦੌੜਿਆ,
ਵੱਖਰਾ ਹੋ ਕੇ ਉਸ ਨੂੰ ਆਪਣੇ ਇਕ ਕਤਰਾ ਹੋਣ ਦਾ ਪਤਾ ਲੱਗਾ।(290)

ਪਰ ਜਦ ਕਤਰੇ ਨੂੰ ਇਹ ਅਮਰ ਮਿਲਾਪ ਪਰਾਪਤ ਹੋ ਗਿਆ,
ਤਾਂ ਵਾਸਤਵ ਵਿਚ ਉਸ ਦੀ ਮੁਰਾਦ ਪੂਰੀ ਹੋ ਗਈ।(291)

ਕਤਰੇ ਨੇ ਕਿਹਾ, ਮੈਂ ਭਾਵੇਂ ਇਕ ਪਾਣੀ ਦਾ ਕਤਰਾ ਸਾਂ,
ਪਰ ਮੈ ਸਾਗਰ ਦੀ ਚੌੜਿਤਣ ਨੂੰ ਕਿਵੇਂ ਮਿਣ ਲਿਆ ਹਾਂ।(292)

ਜੇ ਮੈਨੂੰ ਸਾਗਰ ਨੇ ਅਤਿ ਕ੍ਰਿਪਾ ਸਹਿਤ ਆਪਣੇ ਨਾਲ ਮਿਲਾ ਲਿਆ,
ਜੇ ਉਸ ਨੇ ਵਿਤ ਤੋਂ ਬਾਹਰਾ ਮੈਨੂੰ ਆਪਣੇ ਨਾਲ ਮਿਲਾ ਲਿਆ ਹੈ।(293)

ਤੇ ਉਹ ਸਾਗਰ ਦੀ ਚੌੜਿਤਣ ਵਿਚੋਂ ਇਕ ਲਹਿਰ ਵਾਂਗ ਉਠਿਆ,
ਲਹਿਰ ਬਣ ਗਿਆ,ਤੇ ਲਹਿਰ ਬਣ ਕੇ ਉਸ ਨੇ ਸਾਗਰ ਨੂੰ ਪ੍ਰਣਾਮ
ਕੀਤਾ।(294)

Once when the drop amalgamates into the river,
It does not remain subject to separation.(289)

When the drop flows towards the river,
It perceives the value of its independent identity.(290)

But when the drop accomplishes the eternal fusion,
In reality, its desire is fulfilled.(291)

Then the drop declares, 'Although I was just a drop of water,
Yet see how much I have assessed the magnitude of the sea.'(292)

If the river, very kindly, has accepted (drop) me,
It has merged me into its own self.(293)

Then it (drop) emerged out of the vastness of the river accompanying the waves,
And in form of a wave, it supplicated the river.(294)

ਏਸੇ ਤਰ੍ਹਾਂ ਹਰ ਬੰਦਾ ਜੋ ਰੱਬ ਨਾਲ ਮਿਲ ਗਿਆ,
ਬੰਦਗੀ ਦੇ ਮਾਰਗ ਉਪਰ ਪੂਰਨ ਹੋ ਗਿਆ।(295)

ਲਹਿਰ ਅਤੇ ਸਾਗਰ ਅਸਲ ਵਿਚ ਭਾਵੇਂ ਇਕੋ ਹਨ,
ਫਿਰ ਵੀ ਲਹਿਰ ਅਤੇ ਸਾਗਰ ਵਿਚ ਬੜਾ ਫ਼ਰਕ ਹੈ।(296)

ਮੈਂ ਤਾਂ ਇਕ ਲਹਿਰ ਹਾਂ, ਤੂੰ ਅਨੰਤ ਸਾਗਰ ਹੈਂ,
ਮੇਰੇ ਅਤੇ ਤੇਰੇ ਵਿਚ ਤਾਂ ਧਰਤ ਅਤੇ ਆਕਾਸ਼ ਵਾਲਾ ਫ਼ਰਕ ਹੈ।(297)

ਮੈਂ ਤਾਂ ਕੁਝ ਵੀ ਨਹੀਂ,ਇਹ ਸਭ ਕੁਝ ਤੇਰੀ ਹੀ ਬਖਸ਼ਿਸ਼ ਹੈ,
ਮੈਂ ਵੀ ਤਾਂ ਤੇਰੀ ਪਵਿੱਤਰ ਪ੍ਰਕਿਤੀ ਦੀ ਹੀ ਇਕ ਲਹਿਰ ਹਾਂ।(298)

ਤੈਨੂੰ ਮਹਾਂ ਪੁਰਖਾਂ ਦੀ ਸੰਗਤ ਦੀ ਲੋੜ ਹੈ,
ਤੈਨੂੰ ਸਭ ਤੋਂ ਪਹਿਲਾਂ ਇਸੇ ਦੀ ਲੋੜ ਹੈ।(299)

ਉਹ ਪੂਰਨ ਕਾਦਰ ਕੁਦਰਤ ਰਾਹੀਂ ਦਿਸਦਾ ਹੈ,
ਸਿਰਜਨ-ਹਾਰ ਆਪ ਆਪਣੀ ਕੁਦਰਤ ਵਿਚ ਵਸਦਾ ਹੈ।(300)

Similary, the human-being who blends with the Almighty,
Achieves perfection in the avenues of worship.(295)

The wave and the river, although, seem amalgamated into one,
Still variation in between the river and the wave is conspicuous.(296)

I am just a wave but you are unfathomable sea,
And there is as much divergence between us as between the sky and the earth.(297)

Although I am obscure, I am endowed with your benevolence,
Because I am still a wave in your pious creation.(298)

You need the congregation of the holy men,
Above all, you just secure them (i.e. waves).(299)

The perfect creator appears in his creation,
As the creator dwells in his own creation.(300)

ਕਾਦਰ ਅਤੇ ਕੁਦਰਤ ਇਕ ਮਿਕ ਹੋਏ ਹੋਏ ਹਨ,
ਮਹਾਂ ਪੁਰਖ ਰੱਬ ਤੋਂ ਬਿਨਾਂ ਸਭ ਮਾਲ ਤਿਆਗ ਦਿੰਦੇ ਹਨ।(301)

ਤਾਂ ਤੇ ਤੈਨੂੰ ਵੀ,ਹੇ ਮੇਰੇ ਦੋਸਤ! ਇਹ ਨਿਰਨਾ ਕਰਨਾ ਚਾਹੀਦਾ ਹੈ,
ਕਿ ਰੱਬ ਕੌਣ ਹੈ ਅਤੇ ਤੂੰ ਕੌਣ ਹੈਂ?।(302)

ਜੇ ਤੇਰਾ ਉਸ ਰੱਬ ਦੀ ਜ਼ਾਤ ਨਾਲ ਮੇਲ ਹੋ ਗਿਆ ਹੈ,
ਤਾਂ ਬਿਨਾਂ ਬੰਦਗੀ ਦੇ ਹੋਰ ਕੋਈ ਬਚਨ ਨਾ ਕਹਿ।(303)

ਇਹ ਸਭ ਕੁਝ ਉਸੇ ਦੀ ਬੰਦਗੀ ਦੀ ਬਦੌਲਤ ਹੈ,
ਬਿਨਾਂ ਬੰਦਗੀ ਜ਼ਿੰਦਗੀ (ਕੇਵਲ)ਸ਼ਰਮਿੰਦਗੀ ਹੈ।(304)

ਰੱਬ ਨੇ ਵੀ ਬੰਦਗੀ ਲਈ ਫਰਮਾਇਆ ਹੈ,
ਜੋ ਕੋਈ ਵੀ ਉਸ ਦਾ ਬੰਦਾ ਹੋ ਗਿਆ, ਉਹ ਸੌਖਾ ਹੋ ਗਿਆ।(305)

ਜਿਸ ਨੇ ਵੀ ਮੂੰਹੋਂ ਕਿਹਾ ਮੈਂ ਰੱਬ ਹਾਂ,
ਸ਼ਰ੍ਹਾ ਨੇ ਉਸ ਨੂੰ ਮਨਸੂਰ ਵਾਂਗ ਸੂਲੀ ਤੇ ਚੜ੍ਹਾ ਦਿੱਤਾ।(306)

The creation and the creator are fused into one,
And the pious ones, forsake all in their entirety, except the Almighty, .(301)

Then, you too, O My Friend, will have to decide,
Who the Almighty is and who you are.(302)

If you have got blended with that divine entity,
Except his worship, utter no other word.(303)

As, all there is, it is due to meditation upon him,
Without his worship, the life remains a dishonour.(304)

The Almighty, too, has proclaimed (for us) to revel in the worship
And any one who becomes his devotee, achieves the bliss.(305)

Who so ever claimed, 'I am the Almighty,'
Sharah* put him like Mansoor on the gallows.(306)

(* Islamic code of religious conduct.)

ਰੱਬ ਦੀ ਮਸਤੀ ਅਸਲ ਵਿਚ ਸਦਾ ਹੀ ਹੋਸ਼ ਵਿਚ ਰਹਿਣਾ ਹੈ,
ਗਿਆਨਵਾਨਾਂ ਲਈ ਨੀਂਦ ਵੀ ਜਾਗਰਤਾ ਹੈ।(307)

ਅਸਲ ਵਿਚ ਬੇਅਦਬ ਨੂੰ ਆਪਣੀ ਕਰਨੀ ਦਾ ਫਲ ਮਿਲਦਾ ਹੈ,
ਕਿਉਂਕਿ ਅਦਬ ਹੀ ਸਾਰਿਆਂ ਨੂੰ ਰਾਹ ਵਿਖਾਉਣ ਵਾਲਾ ਹੈ।(308)

ਜੇਕਰ ਤੂੰ ਸਿਰ ਤੋਂ ਪੈਰਾਂ ਤੱਕ ਰੱਬ ਦਾ ਰੂਪ ਹੋ ਗਿਆ ਹੈਂ,
ਅਤੇ ਜੇ ਉਸ ਲਾਸਾਨੀ ਪੂਰਨ ਪੁਰਖ ਦੇ ਨਾਲ ਮਿਲ ਗਿਆ ਹੈਂ।(309)

ਤਾਂ ਫਿਰ ਬੰਦਗੀ ਦਾ ਰਾਹ ਫੜ,
ਉਸੇ ਦਾ ਬੰਦਾ ਹੋ ਜਾ ਅਤੇ ਆਪਣਾ ਰਾਹ ਫੜੀ ਰੱਖ।(310)

ਹਰ ਹਾਲਤ ਵਿਚ ਰੱਬ ਨੂੰ ਹਾਜ਼ਰ ਵੇਖ,
ਉਸ ਨੂੰ ਹਾਜ਼ਰ ਨਾਜ਼ਰ ਜਾਣ,ਉਸ ਨੂੰ ਸਬ ਕੁਝ ਵੇਖ ਰਿਹਾ ਸਮਝ।(311)

ਰੱਬ ਦੇ ਰਾਹ ਤੇ ਸਤਿਕਾਰ ਤੋਂ ਛੁਟ ਕੋਈ ਸਿਖਿਆ ਨਹੀਂ,
ਉਸ ਰੱਬ ਦੇ ਢੂੰਡਾਊ ਲਈ ਹੁਕਮ ਵਿਚ ਰਹਿਣ ਤੋਂ ਬਿਨਾਂ ਨਹੀਂ
ਬਣਦਾ।(312)

Infusion in the godly ecstasy, keeps one conscious,
And for the enlightened ones, even sleeping is realization.(307)

In actuality, the disobedience is repaid for its doings,
But it is the submission, which leads to the kindly light.(308)

If you have epitomised the Almighty from head to feet,
And want to merge into that unique entity,(309)

Adopt the way of worship,
Become his serf and keep walking in your avenue.(310)

Under all circumstances regard him as present,
And deem him omnipresent, and as observing all.(311)

On the route to the Almighty, there is no other lesson except to adore him,
And for the godly searchers, there is no way except to remain in his will.(312)

ਰੱਬ ਦੇ ਢੂੰਡਾਓ ਸਦਾ ਸਤਿਕਾਰ ਸਹਿਤ ਰਹਿੰਦੇ ਹਨ,
ਰੱਬ ਦੀ ਯਾਦ ਵਿਚ ਸਦਾ ਸਤਿਕਾਰ ਭਰਪੂਰ ਵਿਚਰਦੇ ਹਨ।(313)

ਸਤਕਾਰ-ਹੀਨ ਨੂੰ ਉਨ੍ਹਾਂ ਦੇ ਰਾਹ ਦਾ ਕੀ ਪਤਾ?
ਬੇ-ਅਦਬ ਰੱਬ ਨੂੰ ਕਦੀ ਨਹੀਂ ਵੇਖ ਸਕਦਾ।(314)

ਸਤਕਾਰਹੀਨ ਨੂੰ ਕਦੀ ਵੀ ਰੱਬ ਦਾ ਰਾਹ ਨਹੀਂ ਲੱਭਦਾ,
ਕੋਈ ਵੀ ਭੁਲੜ ਰੱਬ ਤਕ ਨਹੀਂ ਪੁਜ ਸਕਿਆ।(315)

ਸਤਕਾਰ ਹੀ ਰੱਬ ਦਾ ਰਾਹ-ਵਿਖਾਊ ਹੈ,
ਸਤਕਾਰ ਹੀਨ ਰੱਬ ਦੀ ਮਿਹਰ ਤੋਂ ਵਾਂਝਾ ਰਹਿੰਦਾ ਹੈ।(316)

ਸਤਕਾਰ ਹੀਨ ਰੱਬ ਦਾ ਰਾਹ ਕਿਵੇਂ ਜਾਣ ਸਕਦਾ ਹੈ,
ਜੋ ਰੱਬ ਦੇ ਕਹਿਰ ਕਾਰਨ ਧਿਰਕਾਰਿਆ ਜਾਂਦਾ ਹੈ।(317)

ਜੇ ਕਰ ਤੂੰ ਰੱਬ ਦੇ ਭਗਤਾਂ ਦੀ ਛਤਰ ਛਾਇਆ ਹੇਠ ਕਦੀ ਜਾਏਂ,
ਤਾਂ ਤੈਨੂੰ ਉਥੇ ਸਤਕਾਰ ਦੀ ਸਿਖਿਆ ਮਿਲੇਗੀ।(318)

The seekers of the Almighty forever remain in submission,
And they always sojourn and stroll around in respect.(313)

What does an impertinent one know about his way,
As the disrespectful one can never envisage the Almighty?(314)

A disrespectful one can never find the godly avenue,
And no forgetful one has ever found the righteous way.(315)

Only respectfulness shows the way to the divine domain,
And the disrespectful one remains devoid of the celestial benevolence.(316)

How can a disrespectful one realize the godly avenue,
Because he is condemned through the divine curse ?(317)

If you take protection under the umbrella of the devotees of the God,
You will be imparted respectful assignments.(318)

ਸਤਕਾਰ ਹੀਨ ਇਥੇ ਆ ਕੇ ਸਤਕਾਰ ਦੀ ਸਿਖਿਆ ਦੇਣ ਵਾਲੇ ਬਣ ਜਾਂਦੇ ਹਨ,
ਇਥੇ ਆ ਕੇ ਬੁਝਿਆ ਹੋਇਆ ਦੀਵਾ ਵੀ ਜਹਾਨ ਨੂੰ ਰੋਸ਼ਨ ਕਰਨ ਲਗ ਜਾਂਦਾ ਹੈ।(319)

ਹੇ ਵਾਹਿਗੁਰੂ! ਤੂੰ ਹਰ ਬੇਅਦਬ ਨੂੰ ਅਦਬ ਬਖਸ਼,
ਤਾਂ ਜੋ ਉਹ ਆਪਣੀ ਆਯੂ ਤੇਰੀ ਯਾਦ ਵਿਚ ਲੰਘਾ ਸਕੇ।(320)

ਹੇ ਜੀਵ! ਜੇਕਰ ਤੈਨੂੰ ਰੱਬ ਦੀ ਯਾਦ ਦਾ ਸੁਆਦ ਆ ਜਾਵੇ,
ਤਾਂ, ਹੇ ਭਲੇ ਪੁਰਸ਼, ਤੂੰ ਅਮਰ ਹੋ ਜਾਏਂਗਾ।(321)

ਇਸ ਮਿੱਟੀ ਦੇ ਸਰੀਰ ਨੂੰ ਇਸ ਲਈ ਸਥਿਰ ਜਾਣ,
ਕਿਉਂ ਜੋ ਉਸ ਦਾ ਪ੍ਰੇਮ ਉਸ ਜਾਨ ਦੀ ਗੜ੍ਹੀ ਵਿਚ ਆ ਟਿਕਿਆ ਹੈ।(322)

ਰੱਬ ਦਾ ਪ੍ਰੇਮ ਅਤੇ ਚਾਓ ਆਤਮਾ ਦਾ ਜੀਵਨ ਹੈ,
ਉਸ ਦੀ ਯਾਦ ਸਿਦਕ ਈਮਾਨ ਦੀ ਪੂੰਜੀ ਹੈ।(323)

ਰੱਬ ਦਾ ਚਾਓ ਹਰ ਦਿਲ ਵਿਚ ਕਿਵੇਂ ਘਰ ਕਰ ਸਕਦਾ ਹੈ,
ਉਹ ਮਿਟੀ ਦੇ ਸਰੀਰ ਵਿਚ ਕਿਵੇਂ ਪਨਾਹ ਲੈ ਸਕਦਾ ਹੈ?(324)

The disrespectful ones approach this place and become the teachers of honour.
Here, even an extinguished lamp endows light to the world.(319)

Oh, My Almighty, shower the knowledge upon every impertinent one,
So that he may expend his life in your recollection.(320)

O, Being if you relish the taste of godly reminiscence,
O you the Virtuous One, you will become immortal.(321)

Deem this body of dust as everlasting,
Because his love has taken abode in this fortress.(322)

The godly fondness and enthusiasm are breath for the soul,
And his remembrance is the treasure of faith and belief.(323)

See, how the godly yearning dwells in each heart,
And how can he take lodging in the house of dust.(324)

ਪਰ ਜਦ ਰੱਬ ਦੇ ਸ਼ੌਕ ਨੇ ਤੇਰੀ ਸਹਾਇਤਾ ਕੀਤੀ,
ਤਾਂ ਫਿਰ ਸਦੀਵੀ ਦੌਲਤ,ਸਮਝੋ,ਤੇਰੇ ਹੱਥ ਲਗ ਗਈ।(325)

ਉਸ ਦੇ ਰਾਹਾਂ ਦੀ ਧੂੜ ਅੱਖਾਂ ਲਈ ਸੁਰਮਾ ਹੈ,
ਗਿਆਨਵਾਨਾਂ ਲਈ ਇਹ ਧੂੜ ਤਾਜ ਤਖਤ ਨਾਲੋਂ ਵੀ ਵਧੇਰੇ ਮੁੱਲ ਦੀ ਹੈ।(326)

ਸੱਚੇ ਗਿਆਨਵਾਨਾਂ ਦੀ ਰੀਤੀ ਅਨੁਸਾਰ
ਇਸ ਦੁਨੀਆਂ ਦੀ ਦੌਲਤ ਟਿਕਣ ਵਾਲੀ ਚੀਜ਼ ਨਹੀਂ।(327)

ਰੱਬ ਦਾ ਸਿਮਰਨ ਤੇਰੇ ਲਈ ਸਦਾ ਜ਼ਰੂਰੀ ਹੈ,
ਰੱਬ ਦਾ ਸਿਮਰਨ ਤੈਨੂੰ ਸਥਿਰ ਬਣਾਉਂਦਾ ਹੈ।(328)

ਆਰਫਾਂ ਦੀ ਅਪਣਤ ਰੱਬੀ ਗਿਆਨ ਨਾਲ ਹੁੰਦੀ ਹੈ,
ਰੱਬੀ ਗਿਆਨ ਦੀ ਪਰਪਤੀ ਉਨ੍ਹਾਂ ਦੀ ਜਾਨ ਵਿਚ ਸਮਾਈ ਹੁੰਦੀ ਹੈ।(329)

ਰੱਬ ਦੇ ਪ੍ਰੇਮ ਦਾ ਆਸਰਾ ਸਥਿਰ ਹੈ,
ਉਂਜ ਭਾਂਵੇਂ ਹਰ ਚੜ੍ਹਾਉ ਨੂੰ ਉਤਰਾਉ ਹੈ।(330)

But when the fondness for the Almighty comes to your rescue,
Deem the everlasting wealth falling in your hands.(325)

The dust of his avenues is collyrium for your eyes,
And, for the enlightened ones, such dust is superior to the royal crown.(326)

In the light of truthful consciousness,
The temporal wealth is not a perpetual commodity.(327)

The meditation upon the Almighty is ever imperative for you,
As the godly worship keeps you dispassionate.(328)

The enlightened ones are imbued with the celestial knowledge,
And the yearning for the godly awareness is strewn in their blood.(329)

The shelter of the godly affection is resolute,
Though every rise has its downfall.(330)

ਰੱਬ ਦੇ ਸ਼ੌਕ ਦਾ ਕਮਾਲ ਸਦੀਵੀ ਹੈ,
ਕਾਸ਼ ਰੱਬ ਦੇ ਸ਼ੌਕ ਦਾ ਇਕ ਕਿਣਕਾ ਹੀ ਪਰਾਪਤ ਹੋ ਜਾਵੇ ?(331)

ਜਿਸ ਕਿਸੇ ਨੂੰ{ਇਹ ਸ਼ੌਕ ਦਾ ਕਿਣਕਾ} ਪਰਾਪਤ ਹੋ ਗਿਆ, ਉਹ ਅਮਰ ਹੋ ਗਿਆ
ਅਸਲ ਵਿਚ ਉਸ ਦੀ ਆਸ਼ਾ ਪੂਰਨ ਹੋ ਗਈ।(332)

ਜਦ ਉਸ ਦੀ ਉਮੀਦ ਫਲ ਆਈ,
ਰੱਬ ਦੇ ਸ਼ੌਕ ਦਾ ਇਕ ਕਿਣਕਾ ਉਸ ਦੇ ਦਿਲ ਵਿਚ ਵਸ ਗਿਆ।(333)

ਉਸ ਦੇ ਵਾਲ ਵਾਲ ਚੋਂ ਅੰਮ੍ਰਿਤ ਚੋਂਦਾ ਹੈ,
ਜਹਾਨ ਉਸ ਦੀ ਸੁਗੰਧੀ ਨਾਲ ਜੀਉਂ ਉਠਦਾ ਹੈ।(334)

ਭਾਗਾਂ ਵਾਲਾ ਹੈ ਉਹ ਬੰਦਾ ਜਿਸ ਨੂੰ ਕਿ ਰੱਬ ਪਰਾਪਤ ਹੋ ਗਿਆ,
ਅਤੇ ਜਿਸ ਨੇ ਰੱਬ ਤੋਂ ਬਿਨਾਂ ਹਰ ਚੀਜ਼ ਤੋਂ ਮੂੰਹ ਮੋੜ ਲਿਆ।(335)

ਦੁਨੀਆਂ ਦੇ ਭੇਸ ਵਿਚ ਰਹਿੰਦੇ ਹੋਏ ਵੀ ਉਹ ਦੁਨੀਆਂ ਤੋਂ ਅਲੋਪ ਹੈ,
ਰੱਬ ਦੀ ਜ਼ਾਤ ਵਾਂਗ ਉਹ ਵੀ ਛੁਪਿਆ ਰਹਿੰਦਾ ਹੈ।(336)

The fondness for the Almighty's wonders is eternal,
Alas! an iota of his affection could be gained!(331)

The one who achieves (even an iota), becomes immortal,
As, verily, his aspirations are fulfilled.(332)

When his expectations bear fruit,
A speck of the godly fondness inhabits his heart,(333)

The nectar drips from each one of his hair,
And the whole world rejuvenates through the aroma.(334)

Fortunate is the man who achieves the Almighty,
And renounces everything except him.(335)

In spite of subsisting in the worldly guise, he is imperceptible,
And, like the godly-being, he likes to remain obscured.(336)

ਬਾਹਰੋਂ ਭਾਵੇਂ ਉਹ ਮੁੱਠ ਭਰ ਮਿੱਟੀ ਦੀ ਕੈਦ ਵਿਚ ਦਿਸਦਾ ਹੈ,
ਪਰ ਅੰਦਰੋਂ ਉਹ ਸਦਾ ਪਰਮਾਤਮਾ ਦੇ ਸੰਗ ਵਸਦਾ ਹੈ।(337)

ਬਾਹਰੋਂ ਭਾਵੇਂ ਉਹ ਇਸਤ੍ਰੀ ਤੇ ਬੱਚੇ ਦੇ ਮੋਹ ਵਿਚ ਦਿਸਦਾ ਹੈ,
ਪਰ ਅਸਲ ਵਿਚ ਉਹ ਸਦਾ ਆਪਣੇ ਰੱਬ ਨਾਲ ਰਹਿੰਦਾ ਹੈ।(338)

ਬਾਹਰੋਂ ਉਹ ਭਾਵੇਂ ਲਬ ਲੋਭ ਵਲ ਝੁਕਿਆ ਦਿਸੇ,
ਪਰ ਉਸ ਦਾ ਅੰਦਰਲਾ ਰੱਬ ਦੀ ਯਾਦ ਨਾਲ ਪਵਿਤ੍ਰ ਰਹਿੰਦਾ ਹੈ।(339)

ਬਾਹਰੋਂ ਭਾਵੇਂ ਉਹ ਊਠਾਂ ਘੋੜਿਆਂ ਵਲ ਧਿਆਨ ਦੇ ਰਿਹਾ ਦਿਸੇ,
ਪਰ ਉਸ ਦਾ ਅੰਦਰਲਾ ਸੰਸਾਰ ਦੀ ਖਪ ਖੰਡ ਤੋਂ ਨਿਆਰਾ ਰਹਿੰਦਾ ਹੈ।(340)

ਜ਼ਾਹਾਰਾ ਤਾਂ ਭਾਵੇਂ ਉਹ ਸੋਨੇ ਚਾਂਦੀ ਵਲ ਝੁਕਿਆ ਦਿਸੇ,
ਪਰ ਅੰਦਰੋਂ ਉਹ ਜਲ ਥਲ ਦਾ ਮਾਲਕ ਹੁੰਦਾ ਹੈ।(341)

ਹੌਲੀ ਹੌਲੀ ਉਸ ਦਾ ਅੰਦਰਲਾ ਪ੍ਰਗਟ ਹੋ ਜਾਂਦਾ ਹੈ,
ਅਸਲ ਵਿਚ ਉਹ ਸੁਗੰਧੀ ਦੀ ਸੰਦੂਕੜੀ ਬਣ ਜਾਂਦਾ ਹੈ।(342)

Apparently he may seem to be a slave in the handful of dust,
But, internally, he remains permeated by the company of the Almighty.(337)

Visibly he seems to be engrossed in the love of wife and child,
But, in reality, he always remains bonded with the Almighty(338)

Seemingly, he appears to be absorbed in greed and voracity,
But his innermost remains chaste with the godly reminiscence.(339)

Presumably, his attention is diverted towards the camels and the horses,
But, his inner self is indifferent to the worldly affairs.(340)

Overtly, he may have an inclination to gold and silver,
But, in fact, he abounds (celestially) in water and land.(341)

Slowly and steadily his innermost becomes apparent,
He develops like the box of sweet aromas.(342)

ਉਸ ਦਾ ਅੰਦਰਲਾ ਬਾਹਰਲਾ ਇਕ ਸਮਾਨ ਹੋ ਜਾਂਦਾ ਹੈ,
ਦੋਵੇਂ ਜਹਾਨ ਉਸ ਦੇ ਹੁਕਮ ਨੂੰ ਪਾਲਣ ਵਾਲੇ ਹੋ ਜਾਂਦੇ ਹਨ।(343)

ਉਸ ਦੇ ਦਿਲ ਵਿਚ ਅਤੇ ਜੀਭ ਪਰ ਸਦਾ ਰੱਬ ਦੀ ਯਾਦ ਰਹਿੰਦੀ ਹੈ,
ਉਸ ਦੀ ਜੀਭ ਦਿਲ ਬਣ ਜਾਂਦੀ ਹੈ ਅਤੇ ਦਿਲ ਜੀਭ ਬਣ ਜਾਂਦਾ ਹੈ।344)

ਰੱਬ ਨਾਲ ਮਿਲੇ ਹੋਏ ਸੰਤਾਂ ਨੇ ਇਉਂ ਫਰਮਾਇਆ ਹੈ,
ਕਿ ਰੱਬ ਦੇ ਬੰਦੇ ਉਸ ਦੀ ਬੰਦਗੀ ਵਿਚ ਸੌਖੇ ਅਤੇ ਖੁਸ਼ ਰਹਿੰਦੇ ਹਨ।(345)

ਉਸ ਸੱਚੇ ਪਾਤਸ਼ਾਹ ਦੀ ਮਾਲਕੀ ਅਤੇ ਵਡਿਆਈ ਮੰਨੀ ਪ੍ਰਮੰਨੀ ਹੈ।
ਇਸ ਰਾਹ ਤੇ ਚਲਣ ਵਾਲੇ ਪਾਂਧੀ ਨੂੰ ਮੇਰੀ ਨਮਸਕਾਰ ਹੈ।(346)

ਇਸ ਰਾਹ ਦਾ ਮੁਸਾਫਿਰ ਆਪਣੇ ਅੱਡੇ ਤੇ ਪੁਜ ਗਿਆ,
ਅਤੇ ਉਸ ਦਾ ਦਿਲ ਉਮਰ ਦੀ ਪਰਾਪਤੀ ਤੋਂ ਵਾਕਫ ਹੋ ਗਿਆ।(347)

ਰੱਬ ਦੇ ਬੰਦਿਆ ਨੂੰ ਤਾਂ ਉਸ ਦੀ ਬੰਦਗੀ ਦੀ ਹੀ ਲੋੜ ਹੈ,
ਰੱਬ ਦੀ ਬੰਦਗੀ ਦੇ ਸ਼ੌਕ ਦਾ ਪਿਆਲਾ ਸਦਾ ਛਲਕਦਾ ਰਹਿੰਦਾ ਹੈ।(348)

Internally and outwardly he achieves harmony,
And both the domains become obedient to his commands.(343)

Both his heart and his tongue, are strewn with divine retention.
The heart is transformed into a tongue and the tongue into a heart.(344)

The divinely accomplished ones have expounded,
That godly beings remain happy and prosperous in celestial recollection.(345)

The dominance and prominence of the True Being is honourable.
I pay my obeisance to the travellers proceeding on this path.(346)

The way-farer progressing on this course, has reached the destination,
And his mind has achieved the awareness of his conquests.(347)

The godly beings just need his reminiscence,
As the cup of godly fondness, when full, always overflows.(348)

ਉਸ ਸੱਚੇ ਪਰਵਦਗਾਰ ਨੂੰ ਹੀ ਮਾਲਕੀ ਸੋਭਦੀ ਹੈ,
ਉਸ ਸਚੇ ਪਾਤਸ਼ਾਹ ਨੇ ਹੀ ਇਸ ਮਿਟੀ ਦੀ ਮੁਠ ਨੂੰ ਰੌਣਕ ਬਖ਼ਸ਼ੀ ਹੈ।(349)

ਰੱਬ ਦੀ ਯਾਦ ਦੇ ਚਾਉ ਨੇ ਉਸ ਨੂੰ ਵਡਿਆਈ ਬਖ਼ਸ਼ੀ,
ਰੱਬ ਦੇ ਸ਼ੌਂਕ ਨੇ ਉਸ ਨੂੰ ਮਾਨ ਸਤਿਕਾਰ ਬਖਸ਼ਿਆ ਅਤੇ ਉਸ ਨੂੰ ਸਾਰੇ ਭੇਤਾਂ ਤੋਂ ਜਾਣੂ ਕੀਤਾ।(350)

ਮਿੱਟੀ ਦੀ ਮੁੱਠੀ ਰੱਬ ਦੀ ਯਾਦ ਨਾਲ ਚਮਕ ਉਠੀ,
ਉਸ ਦੇ ਦਿਲ ਵਿਚ ਰੱਬ ਦੀ ਯਾਦ ਦਾ ਚਾਉ ਠਾਠਾਂ ਮਾਰਨ ਲਗ ਪਿਆ।(351)

ਕੁਰਬਾਨ ਜਾਈਏ ਉਸ ਸਰਬ ਸਮਰਥ ਕਾਦਰ ਤੋਂ,ਜਿਸ ਨੇ,
ਪਾਣੀ ਦੇ ਇਕ ਕਤਰੇ ਤੋਂ ਇਸ ਮਿੱਟੀ ਨੂੰ ਸੂਰਜ ਵਾਂਗ ਚਮਕਾ ਦਿੱਤਾ।(352)

ਕੁਰਬਾਨ ਜਾਈਏ,ਉਸ ਮਿੱਟੀ ਤੋਂ ਜਿਹੜੀ ਪ੍ਰਕਾਸ਼ਮਾਨ ਹੋ ਗਈ,
ਅਤੇ ਜਿਸ ਨੂੰ ਅਜਿਹੀਆਂ ਬਰਕਤਾਂ ਪਰਾਪਤ ਹੋਈਆਂ।(353)

ਵਾਹ ਵਾਹ ਉਸ ਦੀ ਕੁਦਰਤ ਤੋਂ ਜਿਹੜੀ ਸੱਚ ਦਾ ਫਲ ਲਿਆਉਂਦੀ ਹੈ,
ਅਤੇ ਜਿਸ ਨੇ ਮੁੱਠੀ ਭਰ ਮਿੱਟੀ ਨੂੰ ਬੋਲਣ ਦੀ ਦਾਤ ਬਖ਼ਸ਼ੀ।(354)

The dominance is the prerogative of the True Lord,
And that Lord has endowed brightness to this, handful of dust.(349)

The passion for the divine remembrance bestowed upon him the honour,
And the godly fondness enlightens him on all the secrets.(350)

Then this handful of dust sparkled through his recollection,
And in his heart the divine love radiated.(351)

Let us sacrifice ourselves for that Accomplished All-powerful being who,
With a drop of water, transforms this dust into a glittering sun.(352)

Let us sacrifice ourselves for the dust which became luminous,
And, which was endowed with such a benediction.(353)

Applause, for the nature, which bears the godly fruits,
And which has bestowed the power of eloquence upon this handful of dust.(354)

ਰੱਬ ਦੀ ਯਾਦ ਹੀ ਇਸ ਜ਼ਿੰਦਗੀ ਦੀ ਪਰਾਪਤੀ ਹੈ,
ਕੁਰਬਾਨ ਜਾਈਏ ਉਸ ਅੱਖ ਤੋਂ ਜਿਹੜੀ ਸਚ ਤੇ ਮੋਹਤ ਹੁੰਦੀ ਹੈ।(355)

ਕਿੱਡਾ ਸੁਭਾਗਾ ਹੈ ਉਹ ਦਿਲ, ਜਿਸ ਦੇ ਅੰਦਰ ਰੱਬ ਦਾ ਚਾਉ ਹੈ,
ਵਾਸਤਵ ਵਿਚ ਉਹ ਰੱਬ ਦੇ ਪ੍ਰੇਮ ਦਾ ਧਾਰਨੀ ਹੋ ਜਾਂਦਾ ਹੈ।(356)

ਸੁਭਾਗਾ ਹੈ ਉਹ ਜਿਸ ਨੇ ਉਸ ਸੱਚੇ ਰਾਹ ਤੇ ਪਰਣਾਮ ਕੀਤੈ,
ਅਤੇ ਜੋ ਖੁੰਡੀ ਵਾਂਗ ਚਾਉ ਦੀ ਗੇਂਦ ਨੂੰ ਲੈ ਭਜਿਆ।(357)

ਸੁਭਾਗੇ ਹਨ ਉਹ ਹੱਥ ਜਿਨ੍ਹਾਂ ਨੇ ਉਸ ਦੀ ਸਿਫ਼ਤ ਸ਼ਲਾਘਾ ਲਿਖੀ,
ਸੁਭਾਗੇ ਹਨ ਉਹ ਪੈਰ, ਜਿਹੜੇ ਉਸ ਦੀ ਗਲੀ ਵਿਚੋਂ ਲੰਘੇ।(358)

ਭਲੀ ਹੈ ਉਹ ਜੀਭ ਜੋ ਉਸ ਦਾ ਨਾਮ ਜਪਦੀ ਹੈ,
ਭਲਾ ਹੈ ਉਹ ਹਿਰਦਾ ਜੋ ਉਸ ਦਾ ਧਿਆਨ ਧਰਦਾ ਹੈ।(359)

ਸਾਡੇ ਸਰੀਰ ਦੇ ਅੰਗ ਅੰਗ ਵਿਚ ਉਹ ਵਸਦਾ ਹੈ,
ਉਸ ਦੇ ਸ਼ੌਕ ਦੀ ਧੁਨ ਹਰ ਨਰ ਨਾਰੀ ਦੇ ਸਿਰ ਵਿਚ ਸਮਾਈ ਹੋਈ ਹੈ।(360)

The divine reminiscence is the accomplishment of this life,
And we adore the vision, which is captivated by the veracity.(355)

How auspicious is the heart, wherein lies the fondness for the Almighty!
In fact it becomes paradigm of godly affection.(356)

Fortunate is the head which paid the obeisance on the righteous path,
And, like the pole-stick, took away the ball of kindness.(357)

Felicitous are the hands which transcribed his admirations,
And propitious are the feet, which passed through his avenues.(358)

Virtuous is the tongue, which revels in his name,
And tender is the heart which remains in his meditation.(359)

He dwells in all the parts of our body,
And the affection for him is permeated through each male and female heart.(360)

ਸਾਰੀਆਂ ਖਾਹਿਸ਼ਾਂ ਅਤੇ ਇੱਛਾਵਾਂ ਉਸ ਸੱਚੇ ਵਲ ਲਾਈਆਂ ਹੋਈਆਂ ਹਨ,
ਉਸ ਦਾ ਚਾਉ ਰੋਮ ਰੋਮ ਵਿਚ ਸਮਾਇਆ ਹੋਇਆ ਹੈ।(361)

ਜੇ ਤੂੰ ਚਾਹੁੰਦਾ ਹੈਂ,ਕਿ ਰੱਬੀ ਗਿਆਨ ਦਾ ਮਾਲਕ ਹੋ ਜਾਏਂ,
ਤਾਂ ਤੂੰ ਆਪਣੀ ਜਾਨ ਉਸ ਪ੍ਰੀਤਮ ਤੋਂ ਵਾਰ ਦੇ, ਤਾਂ ਜੋ ਤੂੰ ਉਸ ਪ੍ਰੀਤਮ ਦਾ ਰੂਪ ਹੋ ਜਾਵੇਂ।(362)

ਜੋ ਕੁਝ ਤੇਰੇ ਕੋਲ ਹੈ, ਉਸ ਸੱਚੇ ਪ੍ਰੀਤਮ ਤੋਂ ਵਾਰ ਦੇ,
ਉਸ ਦੇ ਦਸਤਰਖ਼ਾਨ ਤੋਂ ਪਲ ਭਰ ਲਈ ਟੁਕੜੇ ਚੁਣ।(363)

ਉਸ ਦੇ ਸੱਚੇ ਗਿਆਨ ਦੀ ਜੇ ਪੂਰੀ ਪੂਰੀ ਚਾਹ ਹੋ ਜਾਵੇ,
ਤਾਂ ਤੇਰਾ ਮਨੋਰਥ ਅਵੱਸ਼ ਪਰਾਪਤ ਹੋ ਜਾਵੇ।(364)

ਜਦ ਰੱਬੀ ਗਿਆਨ ਦਾ ਸੂਰਜ ਆਪਣੇ ਨੂਰ ਦਾ ਇਕ ਜ਼ਰਾ ਵੀ ਬਖ਼ਸ਼ ਦੇਵੇ,
ਤਾਂ ਤੈਨੂੰ ਉਮਰ ਫਲ ਪਰਾਪਤ ਹੋ ਜਾਵੇ।(365)

ਤੇਰਾ ਨਾਮ ਜਹਾਨ ਵਿਚ ਉੱਚਾ ਤੇ ਰੋਸ਼ਨ ਹੋ ਜਾਵੇਗਾ,
ਰੱਬੀ ਗਿਆਨ ਦਾ ਸ਼ੌਕ ਤੇਨੂੰ ਹਰ-ਮਨ ਪਿਆਰਾ ਬਣਾ ਦੇਵੇਗਾ।(366)

All the desires and aspirations are directed towards him,
And euphoria for him is enshrined in every hair.(361)

If you want that you may hold the celestial knowledge,
Sacrifice your life and unify your existence with his being.(362)

Sacrifice for the True Lord, whatever you possess,
And for a moment pick your crumbs from his dining-place.(363)

When you are satisfied with the awareness of his true knowledge,
Obviously, your objectives are fulfilled.(364)

When the sun of the celestial cognisance confers just a speck of its resplendence,
You achieve the fruit for your whole life,(365)

Your entity, then, exhilarates and glitters,
And the godly eagerness earns you adorability of the people.(366)

ਜਿਸ ਕਿਸੇ ਨੂੰ ਰੱਬੀ ਗਿਆਨ ਦਾ ਚਾਉ ਪੈਦਾ ਹੋ ਗਿਆ,
ਤਾਂ ਉਸ ਦੀ ਕੁੰਜੀ ਨਾਲ ਦਿਲਾਂ ਦੇ ਜੰਦਰੇ ਖੁਲ੍ਹ ਗਏ।(367)

ਤੂੰ ਵੀ ਆਪਣੇ ਦਿਲ ਦੇ ਜੰਦਰੇ ਨੂੰ ਖੋਲ੍ਹ ਅਤੇ,
ਇਸ ਛੁਪੇ ਹੋਏ ਖਜ਼ਾਨੇ ਵਿਚੋਂ ਅਨੰਤ ਧੰਨ ਪ੍ਰਾਪਤ ਕਰ।(368)

ਉਸ ਵਿਚ ਅਨੇਕਾਂ ਲਾਲ ਅਤੇ ਜਵਾਹਰ ਹਨ,
ਤੇਰੇ ਮਾਲ ਵਿਚ ਅਨੇਕਾਂ ਸ਼ਾਹੀ ਮੋਤੀ ਹਨ।(369)

ਜੋ ਕੁਝ ਵੀ ਤੂੰ ਫਿਰ ਚਾਹੇਂਗਾ, ਹੇ ਵਡੇ ਮਰਤਬੇ ਵਾਲੇ,
ਤੈਨੂੰ ਇਸ ਬਿਅੰਤ ਖਜ਼ਾਨੇ ਵਿਚੋਂ ਪਰਾਪਤ ਹੋ ਜਾਵੇਗਾ।(370)

ਤਾਂ ਤੇ ਤੂੰ ਰੱਬ ਦੇ ਚਾਹਵਾਨਾਂ ਨੂੰ ਬੁਲਾ,
ਤਾਂ ਜੋ ਤੂੰ ਉਨਾਂ ਪਾਸੋਂ ਅਜਿਹਾ ਸ਼ੌਕ ਪਰਾਪਤ ਕਰ ਸਕੇਂ।(371)

ਜੇ ਕਰ ਤੇਨੂੰ ਰੱਬ ਦਾ ਸੱਚਾ ਸ਼ੌਕ ਤੇ ਚਾਉ ਪਰਾਪਤ ਹੋ ਗਿਆ,
ਤਾਂ ਇਨ੍ਹਾਂ ਦੀ ਸੰਗਤ ਦੀ ਬਖਸ਼ਿਸ਼ ਤੈਨੂੰ ਜ਼ਰੂਰ ਅਸਰ ਕਰੇਗੀ।(372)

Whosoever develops the godly affection,
Through his key all the locks are undone.(367)

You, as well, open the lock of your heart,
And from this hidden treasure acquire untold amount of the wealth.(368)

Therein, there is abundance of pearls and diamonds,
And in your lot, many royal gems are writ.(369)

O you the Honourable One, whatever you may desire,
It will be available to you from this infinite treasure.(370)

Go, and gather round the godly enthusiasts,
So that you can acquire such celestial fondness.(371)

If you perceive the true attachment for the Almighty,
The benevolence of their company will enliven you.(372)

ਭਾਵੇਂ ਸਾਰੇ ਦਿਲਾਂ ਵਿਚ ਰੱਬ ਤੋਂ ਸਿਵਾ ਹੋਰ ਕੁਝ ਨਹੀ,
ਪਰ ਸੱਚੇ ਗਿਆਨਵਾਨਾਂ ਦੀ ਆਪਣੀ ਵਿਸ਼ੇਸ਼ ਉੱਚੀ ਪਦਵੀ ਹੈ।(373)

ਰੱਬ ਦੇ ਹਾਲ ਦਾ ਗਿਆਨਵਾਨਾਂ ਤੋਂ ਬਿਨਾ ਹੋਰ ਕੋਈ ਵਾਕਿਫ ਨਹੀਂ,
ਆਰਫ ਸਿਵਾ ਉਸ ਰੱਬ ਦੇ ਜਾਪ ਦੇ ਹੋਰ ਕੋਈ ਬੋਲ ਨਹੀਂ ਬੋਲਦੇ।(374)

ਬਾਦਸ਼ਾਹਾਂ ਨੇ ਆਪਣਾ ਰਾਜ ਭਾਗ ਤਿਆਗ ਦਿੱਤਾ,
ਅਤੇ ਉਹ ਭਿਖਾਰੀਆਂ ਵਾਂਗ ਗਲੀ ਗਲੀ ਘੁੰਮਦੇ ਫਿਰਦੇ ਰਹੇ।(375)

ਕਿ ਉਸ ਰੱਬ ਦੀ ਸੱਚੀ ਯਾਦ ਕਰਦੇ ਰਹਿਣ,
ਅਤੇ ਦੋਹਾਂ ਜਹਾਨਾਂ ਦੇ ਜਨਮ ਮਰਨ ਤੋਂ ਮੁਕਤ ਹੋ ਜਾਣ।(376)

ਜੇਕਰ ਇਸ ਮਾਰਗ ਦਾ ਜਾਣੂ ਮਿਲ ਜਾਏ,
ਤਾਂ ਰਾਜ ਕਾਜ ਦੇ ਮਨੋਰਥ ਪੂਰੇ ਹੋ ਜਾਣ।(377)

ਜੇ ਸਾਰੇ ਲਸ਼ਕਰ ਰੱਬ ਦੇ ਤਾਲਬ ਹੋ ਜਾਣ,
ਤਾਂ ਸਚ ਮੁਚ ਉਹ ਸੱਚੇ ਗਿਆਨਵਾਨ ਹੋ ਜਾਣ।(378)

Although nothing dwells in all the hearts except the Almighty,
Yet the truly enlightened ones have their unique lofty status.(373)

Godly state is not discerned by any one except the knowing ones,
And the illuminated ones do not utter anything except reciting his Name.(374)

Even the kings relinquished their sovereignties,
And went round like mendicants through the streets.(375)

To enable themselves to remain imbued with the godly remembrance,
And to attain emancipation from the cycle of birth and death.(376)

If one meets a guide on such a path,
Then all the purposes of sovereignty are fulfilled.(377)

If all the (armed) forces become the seekers of the Almighty,
As a matter of fact, they all will achieve edification.(378)

ਜੇਕਰ ਇਸ ਮਾਰਗ ਦਾ ਪਾਂਧੀ ਮਿਲ ਜਾਏ,
ਤਾਂ ਉਹ ਇਸ ਬਾਦਸ਼ਾਹੀ ਤੋਂ ਕਿਉਂ ਮੂੰਹ ਮੋੜੇ?(379)

ਸੱਚ ਦਾ ਬੀਜ ਜੇ ਦਿਲ ਦੀ ਖੇਤੀ ਵਿਚ ਬੀਜ ਲੈਣ,
ਤਾਂ ਦਿਲਾਂ ਤੋਂ ਭਰਮ ਦਾ ਪਰਦਾ ਉਠ ਜਾਵੇ।(380)

ਜੇ ਕਰ ਰੱਬ ਦਾ ਸਿਮਰਨ ਉਨ੍ਹਾਂ ਦੇ ਦਿਲਾਂ ਵਿਚ ਟਿਕ ਜਾਵੇ,
ਉਹ ਜੜ੍ਹਾਊ ਤਖਤ ਤੇ ਪੱਕੀ ਤਰ੍ਹਾਂ ਬ੍ਰਾਜਮਾਨ ਹੋ ਜਾਣ।(381)

ਉਨਾਂ ਦੇ ਰੋਮ ਰੋਮ ਵਿਚੋਂ ਸੱਚ ਦੀ ਸੁਗੰਧੀ ਆਉਂਦੀ ਹੈ।
ਹਰ ਕੋਈ ਉਨਾਂ ਦੀ ਸੰਗਤ ਦੀ ਸੁੰਗਧੀ ਨਾਲ ਸੁਰਜੀਤ ਹੋ ਜਾਂਦਾ ਹੈ।(382)

ਜੇ ਕਰ ਪੂਰਨ ਸਤਿਗੁਰੂ ਨੇ ਉਨ੍ਹਾਂ ਨੂੰ ਥਹੁ ਪਤਾ ਦਿੱਤਾ ਹੁੰਦਾ, ਤਾਂ ਰੱਬ ਦਾ ਨਾਮ ਉਨ੍ਹਾਂ ਦੇ ਸਰੀਰਾਂ ਤੋਂ ਬਾਹਰ ਨਾ ਹੁੰਦਾ(ਭਾਵ, ਉਨ੍ਹਾਂ ਨੂੰ ਰੱਬ ਦੀ ਪਰਾਪਤੀ ਆਪਣੇ ਹਿਰਦੇ ਰੂਪੀ ਘਰ ਵਿਚ ਹੀ ਹੋ ਜਾਂਦੀ)।(383)

ਜਿੰਦਗੀ ਦਾ ਅੰਮ੍ਰਿਤ ਹਿਰਦੇ ਰੂਪੀ ਘਰ ਵਿਚ ਹੀ ਹੈ,
ਪਰ ਬਿਨਾਂ ਸਤਿਗੁਰੂ ਦੇ ਦੁਨੀਆਂ ਨੂੰ ਪਤਾ ਨਹੀਂ ਲਗਦਾ।(384)

If the traveller discovers a guide on that Path,
Why should he decline to accept this sovereignty.(379)

If the seed of truth is sowed into the garden of the heart,
Then the veil of ignorance is lifted away from the core.(380)

If the godly meditation lodges in their hearts,
They possess the diamond-studded eternal throne.(381)

Through their every hair, the aroma of the truthfulness is emitted,
And every one is invigorated by the fragrance of their company.(382)

Their bodies would not renounce the divine name,
Had the reverend preceptor shown them the way.(383)

The life's nectar is retained in the inner most of the heart,
But, without the preceptor, the world cannot know it.(384)

ਜਦ ਕਿ ਉਹ ਸੱਚਾ ਪਾਤਸ਼ਾਹ(ਤੇਰੀ)ਸ਼ਾਹਰਗ ਤੋਂ ਵੀ ਨੇੜੇ ਹੈ,
ਤਾਂ ਹੇ ਅਣਜਾਣ! ਤੂੰ ਜੰਗਲ ਬੇਲੇ ਕਿਉਂ ਭੌਂਦਾ ਫਿਰਦਾ ਹੈਂ?(385)

ਜਦ ਇਸ ਮਾਰਗ ਤੋਂ ਜਾਣੂ ਤੇਰਾ ਰਾਹ ਵਿਖਾਵਾ ਬਣ ਜਾਵੇ,
ਤਾਂ ਤੈਨੂੰ ਸੰਗਤ ਵਿਚ ਹੀ ਏਕਾਂਤ ਪਰਾਪਤ ਹੋ ਜਾਵੇਗਾ।(386)

ਜੋ ਕੁਝ ਵੀ ਉਨ੍ਹਾਂ ਪਾਸ ਹੁੰਦਾ ਹੈ,
ਉਹ ਸਭ ਕੁਝ ਇਕੋ ਵਾਰ ਹੀ ਤਿਆਗ ਦਿੰਦੇ ਹਨ।(387)

ਉਹ ਪੂਰਨ ਗਿਆਨਵਾਨ ਦੇ ਪਿਛੇ ਟੁਰਦੇ ਹਨ,
ਤਾਂ ਕਿ ਉਹ ਸਚੇ ਰੱਬ ਨੂੰ ਪਰਾਪਤ ਕਰ ਲੈਣ।(388)

ਪੂਰਨ ਸੰਤ ਤੈਨੂੰ ਵੀ ਪੂਰਨ ਸੰਤ ਬਣਾ ਦਿੰਦਾ ਹੈ,
ਅਤੇ ਤੇਰੀਆਂ ਸਾਰੀਆਂ ਇਛਾਵਾਂ ਨੂੰ ਪੂਰਾ ਕਰ ਦਿੰਦਾ ਹੈ।(389)

ਸੱਚ ਤਾਂ ਇਹ ਹੈ ਕਿ ਰੱਬ ਦਾ ਰਾਹ ਫੜ,
ਤਾਂ ਜੋ ਤੂੰ ਵੀ ਸੂਰਜ ਵਾਂਗ ਚਮਕ ਪਵੇਂ।(390)

That true entity is nearer to you than your own aorta,
Why are, you, the Ignorant One, roaming around in the jungles.(385)

When the torchbearer of this road becomes your avenue-leader,
You will attain the solitude inside the congregation itself.(386)

Whatever they possess,
They abdicate just in an instant.(387)

They follow the perfect knowledgeable one,
So that they can achieve the true being.(388)

An absolute preceptor converts you into a perfect saint,
And fulfils all your aspirations.(389)

The truthful criterion is that you embrace the divine attribute,
So that you, too, can shower resplendence like the Sun.(390)

ਸੱਚਾ ਰੱਬ ਤੇਰੇ ਦਿਲ ਅੰਦਰ ਤੇਰੀ ਦਿਲਦਾਰੀ ਕਰਦਾ ਹੈ,
ਪੂਰਾ ਸਤਿਗੁਰੂ ਤੇਰੀ ਸਹਾਇਤਾ ਕਰਦਾ ਹੈ।(391)

ਜੇਕਰ ਤੈਨੂੰ ਇਸ ਰਾਹ ਦਾ ਜਾਣੂ ਮਿਲ ਜਾਵੇ,
ਤਾਂ ਤੈਨੂੰ ਆਪਣੇ ਅੰਦਰ ਹੀ ਹਰ ਪਰਕਾਰ ਦਾ ਮਾਲ ਮਤਾਅ ਮਿਲ ਜਾਵੇ।(392)

ਜਿਸ ਕਿਸੇ ਨੂੰ ਪੂਰਾ ਸਤਿਗੁਰੂ ਮਿਲ ਗਿਆ,
ਉਸ ਨੇ ਸੱਚੇ ਗਿਆਨ ਦਾ ਤਾਜ ਉਸ ਦੇ ਸਿਰ ਤੇ ਰੱਖ ਦਿੱਤਾ।(393)

ਸੱਚਾ ਅਤੇ ਪੂਰਾ ਗੁਰੂ ਰੱਬ ਦੇ ਭੇਤਾਂ ਤੋਂ ਜਾਣੂ ਕਰਵਾ ਦਿੰਦਾ ਹੈ,
ਅਤੇ ਜਗਿਆਸੂ ਅਮਰ ਦੌਲਤ ਪਰਾਪਤ ਕਰ ਲੈਂਦਾ ਹੈ।(394)

ਦੋਵੇਂ ਜਹਾਨ ਉਸ ਦੇ ਹੁਕਮ ਦੇ ਬੰਦੇ ਹਨ,
ਦੋਵੇਂ ਜਹਾਨ ਉਸ ਤੋਂ ਵਾਰੀ ਜਾਂਦੇ ਹਨ।(395)

ਅਸਲ ਅਹਿਸਾਨ ਰੱਬ ਦਾ ਸੱਚਾ ਗਿਆਨ ਹੈ,
ਗਿਆਨਵਾਨਾਂ ਨੂੰ ਅਮਰ ਦੌਲਤ ਆਪਣਾ ਮੂੰਹ ਵਖਾਉਂਦੀ ਹੈ।(396)

The true God provides you sweetheartedness,
And the perfect preceptor helps towards that.(391)

If you come in contact with a leader on this path,
Through your insight alone, you can find all the commodities.(392)

One who comes across the perfect preceptor,
The latter puts the crown of true wisdom upon his head.(393)

The true and the perfect preceptor unravels the godly mysteries,
And the seeker achieves the celestial wealth.(394)

Both the worlds are under his command,
And both the worlds are devoted to him.(395)

The true obligation is the truthful godly thought,
And to the enlightened ones, the eternal truth is revealed.(396)

ਜਦ ਉਸ ਨੇ ਆਪਣਾ ਪ੍ਰਭੂ ਪਛਾਣ ਲਿਆ,
ਤਾਂ ਸਮਝੋ ਉਸ ਨੇ ਅਮਰ ਜੀਵਨ ਦੀ ਪੂੰਜੀ ਪਰਾਪਤ ਕਰ ਲਈ।(397)

ਉਹ ਤਾਂ ਤੇਰੇ ਦਿਲ ਅੰਦਰ ਵਸਦਾ ਹੈ, ਪਰ ਤੂੰ ਬਾਹਰ ਨਸਦਾ ਹੈਂ।
ਉਹ ਤਾਂ ਤੇਰੇ ਘਰ ਵਿਚ ਹੈ,ਪਰ ਤੂੰ ਹੱਜ ਲਈ ਦੌੜਦਾ ਫਿਰਦਾ ਹੈਂ।(398)

ਜਦ ਉਹ ਤੇਰੇ ਰੋਮ ਰੋਮ ਤੋਂ ਪ੍ਰਗਟ ਹੁੰਦਾ ਹੈ,
ਤਾਂ ਤੂੰ ਉਸ ਨੂੰ ਲੱਭਣ ਲਈ ਬਾਹਰ ਕਿਥੇ ਜਾਂਦਾ ਹੈਂ?(399)

ਤੇਰੇ ਹਿਰਦੇ ਰੂਪੀ ਘਰ ਅੰਦਰ ਰੱਬ ਦਾ ਨੂਰ ਇਉਂ ਚਮਕਦਾ ਹੈ,
ਜਿਵੇਂ ਨੂਰਾਨੀ ਚੰਦਰਮਾਂ ਆਕਾਸ਼ ਉਪਰ ਚਮਕਦਾ ਹੈ।(400)

ਤੇਰੀਆਂ ਹੰਝੂਆਂ ਭਰੀਆਂ ਅੱਖਾਂ ਵਿਚੋਂ ਵੇਖਣ ਵਾਲਾ ਤਾਂ ਉਹ ਹੀ ਹੈ,
ਅਤੇ ਤੇਰੀ ਜੀਭ ਉਪਰ ਰੱਬ ਦਾ ਹੁਕਮ ਬੋਲਦਾ ਹੈ।(401)

ਤੇਰਾ ਇਹ ਸਰੀਰ ਰੱਬ ਦੇ ਨੂਰ ਨਾਲ ਰੋਸ਼ਨ ਹੈ,
ਸਾਰਾ ਸੰਸਾਰ ਰੱਬ ਦੇ ਨੂਰ ਨਾਲ ਰੋਸ਼ਨ ਹੈ।(402)

When one recognises one's Almighty,
Deem him as the one who captures the celestial riches.(397)

He dwells in your heart but you are searching around,
And he dwells in your abode but you are running towards Mecca, the Muslim Holy Place.(398)

He is depicted through every hair of yours,
Where are you running outside in his search.(399)

In your divine heart, celestial resplendence is shining,
Just as the glittering moon is shining in the sky.(400)

Through your tear-filled eyes, only he is worth beholding,
And your eloquence proclaims the godly command.(401)

Your body is resplendent with the godly brilliance,
And even the whole universe is glittering with his magnificence.(402)

ਪਰ ਤੂੰ ਆਪਣੇ (ਅੰਦਰਲੇ) ਹਾਲ ਤੋਂ ਵਾਕਿਫ ਨਹੀਂ,
ਦਿਨ ਰਾਤ ਤੂੰ ਆਪਣੇ ਕਰਮਾਂ ਕਰਕੇ ਹੀ ਹੈਰਾਨ ਹੈਂ।(403)

ਪੂਰਨ ਸਤਿਗੁਰੂ ਤੈਨੂੰ ਰੱਬ ਦਾ ਜਾਣਕਾਰ ਬਣਾ ਦਿੰਦਾ ਹੈ,
ਉਹ ਵਿਛੋੜੇ ਦੇ ਜ਼ਖਮ ਦੀ ਪੀੜਾ ਦੀ ਮਲ੍ਹਮ ਪੱਟੀ ਕਰਦਾ ਹੈ।(404)

ਤਾਂ ਜੋ ਤੂੰ ਵੀ ਰੱਬ ਦੇ ਮੇਲੀਆਂ ਵਿਚੋਂ ਹੋ ਜਾਵੇਂ,
ਤੇ ਤੂੰ ਦਿਲ ਦਾ ਮਾਲਕ ਹੋ ਜਾਵੇਂ,ਨੇਕ ਸੁਭਾਉ ਵਾਲਾ ਹੋ ਜਾਵੇਂ।(405)

ਤੂੰ ਉਮਰਾਂ ਬੱਧੀ ਰੱਬ ਦੀ ਤਲਾਸ਼ ਵਿਚ ਹੈਰਾਨ ਹੁੰਦਾ ਰਿਹਾ,
ਇਸੇ ਲਈ ਤੂੰ ਸਦਾ ਪਰੇਸ਼ਾਨ ਹੁੰਦਾ ਰਿਹਾ।(406)

ਤੇਰੀ ਹੀ ਕੀ ਗੱਲ ਹੈ? ਸਾਰਾ ਸੰਸਾਰ ਹੀ ਉਸ ਲਈ ਹੈਰਾਨ ਹੈ,
ਇਹ ਅਸਮਾਨ ਅਤੇ ਚੌਥਾ ਆਕਾਸ਼,ਸਭ ਪਰੇਸ਼ਾਨ ਹਨ।(407)

ਇਹ ਆਸਮਾਨ ਉਸ ਦੇ ਉਦਾਲੇ ਇਸ ਲਈ ਘੁੰਮਦਾ ਹੈ,
ਕਿਉਂ ਜੋ ਉਹ ਰੱਬ ਦੇ ਚਾਉ ਨਾਲ ਨੇਕ ਸੁਭਾਵ ਹੈ।(408)

But you are not aware of your own self,
And remain in predicament on account of your actions.(403)

The perfect preceptor can endow you with godly realisation,
As he effects the dressings upon the impairments of the (celestial) segregation,(404)

So that you may join the fraternity of godly compatriots,
Enabling yourself to secure your heart and embracing kind heartedness.(405)

All your life you remained in the search of the Almighty,
And that kept you in dilemma through out.(406)

Not only you but the whole world is in perplexity,
And so are the heaven above and all the four regions.(407)

The heaven above is revolving around him in an ecstasy,
Because, due to celestial fondness, it has attained kind heartedness.(408)

ਸਾਰੇ ਸੰਸਾਰ ਦੇ ਲੋਕ ਉਸ ਲਈ ਹੈਰਾਨ ਪਰੇਸ਼ਾਨ ਹਨ,
ਜਿਵੇਂ ਫ਼ਕੀਰ ਉਸ ਨੂੰ ਗਲੀ ਗਲੀ ਲਭੱਦੇ ਫਿਰਦੇ ਹਨ।(409)

ਦੋਹਾਂ ਜਹਾਨਾਂ ਦਾ ਬਾਦਸ਼ਾਹ ਦਿਲ ਵਿਚ ਵਸਦਾ ਹੈ
ਪਰ ਇਹ(ਸਰੀਰ)ਮਿੱਟੀ ਅਤੇ ਪਾਣੀ ਨਾਲ ਲਿਬੜਿਆ ਹੋਇਆ ਹੈ।(410)

ਜਦ ਤੇਰੇ ਦਿਲ ਵਿਚ ਰੱਬ ਦੇ ਸੱਚੇ ਸਰੂਪ ਨੇ ਆਪਣਾ ਆਕਾਰ ਬੱਧਾ,
ਤਾਂ ਹੇ ਸੱਚੇ ਰੱਬ ਦੇ ਭਗਤ, ਤੇਰੀ ਸਾਰੀ ਜ਼ਾਤ ਉਸੇ ਦੇ ਚਾਉ ਦਾ ਰੂਪ ਬਣ ਗਈ।(411)

ਸੱਚੇ ਦਾ ਸਰੂਪ ਹੀ ਸੱਚੇ ਦੇ ਨਾਮ ਦਾ ਨਿਸ਼ਾਨ ਹੈ,
ਸੱਚ ਦੇ ਪਿਆਲੇ'ਚੋਂ ਅੰਮ੍ਰਿਤ ਪੀ।(412)

ਉਹ ਜਿਸ ਨੂੰ ਮੈਂ ਘਰ ਘਰ ਢੂੰਡਦਾ ਰਿਹਾ,
ਮੈਂ ਅਚਾਨਕ ਉਸ ਨੂੰ ਆਪਣੇ ਘਰ ਦੇਖ ਲਿਆ।(413)

ਇਹ ਕਿਰਪਾ ਸੱਚੇ ਤੇ ਪੂਰੇ ਸਤਿਗੁਰੂ ਦੀ ਹੈ,
ਜੋ ਕੁਝ ਮੈਨੂੰ ਚਾਹੀਦਾ ਹੈ, ਉਸ ਤੋਂ ਪਰਾਪਤ ਹੋ ਜਾਂਦਾ ਹੈ।(414)

The people of the world, are in amazement about him,
Just like the mendicants who roam around in the streets in search for him.(409)

The sovereign of both the worlds is in the heart,
But the body is smeared with the dust and water.(410)

When the true godly entity established its place in your heart,
O My True Celestial Devotee, your whole being was elated through his fondness.(411)

The entity of the true one is the mark of true name,
Relish the true nectar from the love of the true one.(412)

The one whom I have been searching at various abodes,
Suddenly I found at my own abode.(413)

This is the benevolence of the true and perfect preceptor,
Whatever I desire, I gain from him.(414)

ਦਿਲ ਦੀ ਇਹ ਮੁਰਾਦ ਬਿਨਾਂ ਉਸ ਤੋਂ ਕਿਸੇ ਦੀ ਪੂਰੀ ਨਹੀਂ ਹੋਈ,
ਹਰ ਭਿਖਾਰੀ ਨੂੰ ਸ਼ਾਹੀ ਦੌਲਤ ਪਰਾਪਤ ਨਹੀਂ ਹੁੰਦੀ।(415)

ਗੁਰੂ ਤੋਂ ਬਿਨਾਂ ਹੋਰ ਕਿਸੇ ਦਾ ਜਾਪ ਨਾ ਕਰ,
ਪੂਰਾ ਸਤਿਗੁਰੂ ਹੀ ਸੱਚੇ ਰੱਬ ਦਾ ਪਤਾ ਦੇ ਸਕਦਾ ਹੈ।(416)

ਹਰ ਵਸਤੂ ਦੇ ਮੁਰਸ਼ਦ ਭਾਵੇਂ ਅਨੇਕਾਂ ਹਨ,
ਪਰੰਤੂ ਪੂਰਾ ਸਤਿਗੁਰੂ ਕਦੋਂ ਕਿਸੇ ਨੂੰ ਮਿਲਦਾ ਹੈ?(417)

ਉਸ ਪਵਿੱਤਰ ਪਰਮਾਤਮਾ ਨੇ ਦਿਲ ਦੀ ਕਾਮਨਾ ਪੂਰੀ ਕਰ ਦਿੱਤੀ,
ਉਸ ਨੇ ਟੁੱਟੇ ਹੋਏ ਦਿਲ ਨੂੰ ਆਰਾਮ ਬਖਸ਼ਿਆ।(418)

ਪੂਰਾ ਸਤਿਗੁਰੂ ਹੀ ਰੱਬ ਦੀ ਅਸਲ ਪਰਾਪਤੀ ਹੈ,
ਕਿਉਂ ਜੋ ਉਹ ਹੀ ਦਿਲ ਅਤੇ ਜਾਨ ਨੂੰ ਸੁਖ ਬਖਸ਼ਣ ਵਾਲਾ ਹੈ।(419)

ਪਹਿਲਾਂ ਤਾਂ, ਹੇ ਦਿਲ, ਤੂੰ ਆਪਣੇ ਆਪੇ ਨੂੰ ਮਿਟਾ ਦੇ,
ਤਾਂ ਜੋ ਉਸ ਦੀ ਗਲੀ ਵਿਚ ਤੈਨੂੰ ਸੱਚਾ ਰਾਹ ਮਿਲ ਜਾਏ।(420)

But for him, the inner aspirations are not fulfilled,
As every beggar cannot acquire the royal riches.(415)

Except the preceptor, bring not any name on your tongue,
Because, only the perfect mentor leads you to the Almighty.(416)

Although every entity may have many preceptors,
But the perfect mentor is rarely accessible.(417)

That Almighty, the pious one has fulfilled my ambitions,
And endowed consolation to the detached heart.(418)

The attainment of the perfect preceptor is the divine achievement,
As he is the one who procures solace for the mind and the body.(419)

Above all, O My Mind, you liquidate your own SELF,
So that you can proceed on his avenue of veracity.(420)

ਜੇਕਰ ਤੂੰ ਪੂਰਨ ਸਤਿਗੁਰੂ ਤੋਂ ਜਾਣੂ ਹੋ ਜਾਏਂ,
ਤਾਂ ਸਹਿਜੇ ਹੀ ਤੂੰ ਇਸ ਦਿਲ ਦਾ ਮਾਲਕ ਬਣ ਜਾਏਂ।(421)

ਜਿਸ ਕਿਸੇ ਨੇ ਆਪਣੇ ਆਪ ਨੂੰ ਨਹੀਂ ਮਿਟਾਇਆ,
ਰੱਬ ਨੇ ਉਸ ਨੂੰ ਆਪਣੇ ਭੇਤਾਂ ਤੋਂ ਜਾਣੂੰ ਨਹੀਂ ਕੀਤਾ।(422)

ਜੋ ਕੁਝ ਵੀ ਹੈ, ਉਹ ਘਰ ਵਿਚ ਹੀ ਹੈ,
ਤੂੰ ਦਿਲ ਦੀ ਖੇਤੀ ਦੀ ਸੈਰ ਕਰ,ਗਿਆਨ ਦਾ ਦਾਣਾ ਇਸੇ ਵਿਚ ਹੈ।(423)

ਜਦ ਪੂਰਨ ਸਤਿਗੁਰੂ ਤੇਰਾ ਰਾਹ ਵਿਖਾਊ ਹੋਵੇ,
ਤਾਂ ਤੂੰ ਆਪਣੇ ਰੱਬ ਤੋਂ (ਪੂਰੀ ਤਰ੍ਹਾਂ) ਵਾਕਫ਼ ਹੋ ਜਾਵੇਂਗਾ।(424)

ਜੇਕਰ ਤੇਰਾ ਦਿਲ ਤੈਨੂੰ ਰੱਬ ਵਲ ਪਰੇਰ ਲਵੇ,
ਤਾਂ ਤੇਰੇ ਰੋਮ ਰੋਮ ਵਿਚੋਂ ਰੱਬ (ਦੇ ਨਾਮ) ਦੀ ਬਰਖਾ ਹੋਣ ਲਗ ਪਵੇ।(425)

ਤਾਂ ਫਿਰ ਇਸੇ ਦੁਨੀਆਂ ਵਿਚ ਤੇਰੀ ਮੁਰਾਦ ਪੂਰੀ ਹੋ ਜਾਵੇ,
ਤੂੰ ਜ਼ਮਾਨੇ ਦੇ ਗ਼ਮਾਂ ਅਤੇ ਅੰਦੇਸ਼ਿਆਂ ਉਤੇ ਮਿੱਟੀ ਪਾ।(426)

If you get the acquainted with the true mentor,
You will, easily, master your mind.(421)

The one who did not relinquish his ego,
He was not acquainted with the mysteries of the Almighty.(422)

Whatever there is, it is in your own abode,
Roam around in the meadow of your heart as the seed of knowledge is lying there.(423)

If the perfect preceptor becomes your path-leader,
You will attain the true knowledge of the Almighty.(424)

If your mind leads you on the celestial path,
Every hair of yours will shower the godly name,(425)

In this very world your wish will be gratified,
And you just disregard worries and the misgivings of the world.(426)

ਤੇਰੇ ਸਰੀਰ ਤੋਂ ਬਾਹਰ ਕੋਈ ਵਸਤੂ ਨਹੀਂ,
ਤੂੰ ਛਿਨ ਪਲ ਲਈ ਆਪਣੇ ਆਪ ਨੂੰ ਪਛਾਣ {ਤਾਂ ਸਹੀ}(427)

ਜੇ ਕਰ ਤੂੰ ਇਹ ਜਾਣ ਲਵੇਂ ਕਿ ਤੂੰ ਕੌਣ ਹੈਂ,ਤੇ ਰੱਬ ਕੌਣ ਹੈ,
ਤਾਂ ਤੈਨੂੰ ਰੱਬ ਦੀ ਸੱਚੀ ਦਾਤ ਸਦਾ ਲਈ ਪਰਾਪਤ ਹੋ ਜਾਵੇ।(428)

ਮੈਂ ਕੌਣ ਹੁੰਦਾ ਹਾਂ? ਕੇਵਲ ਓਪਰੀ ਮਿੱਟੀ ਦੀ ਇਕ ਮੁੱਠ ਦਾ ਇਕ ਕਿਣਕਾ,
ਇਹ ਸਭ ਦਾਤ ਮੈਨੂੰ ਆਪਣੇ ਮੁਰਸ਼ਦ ਤੋਂ ਨਸੀਬ ਹੋਈ ਹੈ।(429)

ਧੰਨ ਹੈ ਪੂਰਨ ਸਤਿਗੁਰੂ, ਜਿਸ ਨੇ ਅਪਾਰ ਕ੍ਰਿਪਾ ਨਾਲ,
ਇਸ ਮੁੱਠੀ ਨੂੰ ਉਹ ਪਵਿਤਰ ਨਾਮ ਬਖਸ਼ਿਆ।(430)

ਵਾਹ ਵਾਹ ਉਸ ਪੂਰਨ ਸਤਿਗੁਰੂ ਦੇ, ਜਿਸ ਨੇ
ਸਾਡੇ ਵਰਗੇ ਅੰਨ੍ਹੇ ਦਿਲਾਂ ਨੂੰ ਧਰਤ ਆਕਾਸ਼ ਤੇ ਰੋਸ਼ਨ ਕਰ ਦਿੱਤਾ।(431)

ਧੰਨ ਹੈ ਸਤਿਗੁਰੂ, ਜਿਸ ਨੇ ਦਿਲ ਨੂੰ ਚਾਉ ਬਖਸ਼ਿਆ,
ਧੰਨ ਹੈ ਸਤਿਗੁਰੂ, ਜਿਸ ਨੇ ਦਿਲ ਦੇ ਬੰਧਨ ਤੋੜ ਦਿੱਤੇ।(432)

Nothing is beyond your body,
Just try to recognise yourself for a moment.(427)

If you acknowledge who you are and who the Almighty is ,
The true benevolence of the Almighty will be yours forever.(428)

Who am I? Just a speck out of handful of ostensible dust,
All this bounty has come to me through my preceptor.(429)

And exalted is that preceptor through whose benevolence,
This handful of dust has been endowed with the pious godly name.(430)

Salute to that impeccable preceptor, who,
Enlightened us, the oblivious hearts, by according temporal and celestial resplendence.(431)

Admirable is the preceptor, who grants ecstasy to the mind,
And meritorious is the preceptor, who got the heart liberated from bondage.(432)

ਧੰਨ ਹੈ ਸਤਿਗੁਰੂ ਜਿਸ ਨੇ ਰੱਬ ਤੋਂ ਜਾਣੂੰ ਕਰਵਾ ਦਿੱਤਾ,
ਰੰਜ ਅਤੇ ਗ਼ਮਾਂ ਤੋਂ ਮੁਕਤ ਕਰ ਦਿਤਾ।(433)

ਧੰਨ ਹੈ ਸਤਿਗੁਰੂ ਜਿਹੜਾ ਲਾਪਤਾ ਰੱਬ ਦੇ ਨਾਮ
ਦੇ ਸਦਕੇ ਅਮਰ ਜੀਵਨ ਬਖਸ਼ਦਾ ਹੈ।(434)

ਧੰਨ ਹੈ ਉਹ ਪੂਰਨ ਸਤਿਗੁਰੂ, ਜਿਸਨੇ ਇਕ ਪਾਣੀ ਦੇ
ਕਤਰੇ ਨੂੰ ਚੰਨ ਵਾਂਗ ਰੋਸ਼ਨ ਕਰ ਦਿੱਤਾ।(435)

ਧੰਨ ਹੈ ਉਹ ਸਤਿਗੁਰੂ ਅਤੇ ਧੰਨ ਹਨ ਉਸ ਦੀਆਂ ਬ਼ਖਸ਼ਿਸ਼ਾਂ,
ਜਿਸ ਤੋਂ ਮੇਰੇ ਜਿਹੇ ਲੱਖਾਂ ਕੁਰਬਾਨ ਜਾਂਦੇ ਹਨ।(436)

ਉਸ ਦਾ ਨਾਮ ਧਰਤ ਅਤੇ ਆਕਾਸ਼ ਵਿਚ ਸਮਾਇਆ ਹੋਇਆ ਹੈ,
ਉਸ ਤੋਂ ਹਰ ਸ਼ਰਧਾਲੂ ਦੀ ਕਾਮਨਾ ਪੂਰੀ ਹੁੰਦੀ ਹੈ।(437)

ਜਿਹੜਾ ਵੀ ਉਸ ਦੇ ਬਚਨ ਸੁਣ ਕੇ ਪ੍ਰਸੰਨ-ਚਿਤ ਹੋਇਆ,
ਉਹ ਸਮਝੋ ਸਦਾ ਲਈ ਰੱਬ ਦੇ ਸਨਮੁਖ ਹੋ ਗਿਆ।(438)

Praiseworthy is the preceptor who imparted the divine acquaintance,
And emancipated the heart from sorrows and adversity.(433)

Splendid is the preceptor who, by the grace of the concealed One,
Bestows upon us an eternal life.(434)

Glorious is that preceptor who has transformed,
Just a drop of water into the radiating moon.(435)

Marvellous is that preceptor, and fabulous is his benevolence,
And for him, millions like me sacrific themselves.(436)

His name is infused into both, the earth and the heaven,
And through him every devotee gets his desires fulfilled.(437)

One who feels satisfied listening to his expositions,
May be deemed gaining the presence of the Almighty forever.(438)

ਰੱਬ ਸਦਾ ਉਸ ਦੇ ਹਜ਼ੂਰ ਰਹਿੰਦਾ ਹੈ,
ਰੱਬ ਦਾ ਸਿਮਰਨ ਸਦਾ ਉਸ ਦੇ ਹਿਰਦੇ ਵਿਚ ਰਹਿੰਦਾ ਹੈ।(439)

ਜੇ ਕਰ ਤੈਨੂੰ ਰਬ ਦੇ ਸਨਮੁਖ ਹੋਣ ਦੀ ਚਾਹ ਹੈ,
ਤਾਂ ਤੂੰ ਪੂਰਨ ਸਤਿਗੁਰੂ ਦੇ ਸਨਮੁਖ ਹੋ।(440)

ਪੂਰਨ ਸਤਿਗੁਰੂ ਰੱਬ ਦਾ ਹੀ ਰੂਪ ਹੁੰਦਾ ਹੈ,
ਪੂਰਨ ਸਤਿਗੁਰੂ ਦੇ ਦਰਸ਼ਨ ਜਾਨ ਅਤੇ ਦਿਲ ਨੂੰ ਠੰਡ ਪਾਉਂਦੇ ਹਨ।(441)

ਪੂਰਨ ਸਤਿਗੁਰੂ ਰੱਬ ਦਾ ਹੀ ਰੂਪ ਹੁੰਦਾ ਹੈ,
ਜਿਸ ਨੇ ਉਸ ਤੋਂ ਮੂੰਹ ਮੋੜਿਆ, ਉਹ ਰੱਦ ਹੋ ਗਿਆ।(442)

ਪੂਰਨ ਸਤਿਗੁਰੂ ਸੱਚ ਤੋਂ ਛੁੱਟ ਹੋਰ ਕੁਝ ਨਹੀਂ ਕਹਿੰਦਾ,
ਉਸ ਤੋਂ ਬਿਨਾਂ ਇਸ ਅਧਿਆਤਮਕ ਭਾਵ ਦੇ ਮੋਤੀ ਨੂੰ ਕਿਸੇ ਨਾ
ਵਿਨ੍ਹਿਆਂ।(443)

ਮੈਂ ਉਸ ਦੇ ਅਹਿਸਾਨਾਂ ਦਾ ਸ਼ੁਕਰ ਕਿਥੋਂ ਕੁ ਤਕ ਕਰਾਂ?
ਜੋ ਕੁਝ ਮੇਰੀ ਜੀਭ ਤੇ ਆਉਂਦਾ ਹੈ ਉਹੀ ਗ਼ਨੀਮਤ ਹੈ।(444)

The Almighty forever stays as his protector,
And the divine meditation always prevails upon his mind.(439)

If you are desirous of communicating with the Almighty,
Seek the audience of the ideal preceptor.(440)

The absolute preceptor is the epitome of the Almighty,
The glimpse of the impeccable preceptor soothes the soul and the mind.(441)

The exemplary preceptor in reality is the embodiment of the Almighty,
And the one who declines him, is discarded.(442)

The flawless preceptor does not promote anything but the Almighty,
And without him no one has ever threaded this divine pearl.(443)

How far can I go on thanking for his benevolence?
Whatever my eloquence gets, I deem it my good luck.(444)

ਜਦ ਰੱਬ ਨੇ ਦਿਲ ਨੂੰ ਗੰਦਗੀ ਤੋਂ ਸਾਫ਼ ਕਰ ਦਿੱਤਾ,
ਤਾਂ ਪੂਰਨ ਸਤਿਗੁਰੂ ਨੇ ਇਸ ਨੂੰ ਬੁੱਧੀ ਬਖ਼ਸ਼ੀ।(445)

ਨਹੀਂ ਤਾਂ ਰੱਬ ਦਾ ਸੱਚਾ ਰਾਹ ਕਿਵੇਂ ਲਭਦਾ,
ਅਤੇ ਸੱਚ ਦੀ ਪੁਸਤਕ 'ਚੋਂ ਸਬਕ ਕਿਥੋਂ ਮਿਲਦਾ?।(446)

ਇਹ ਸਭ ਕੁਝ ਜਦ ਗੁਰੂ ਦੀ ਕਿਰਪਾ ਕਰ ਕੇ ਹੈ,
ਤਾਂ ਜੋ ਗੁਰੂ ਨੂੰ ਨਹੀਂ ਜਾਣਦਾ,ਉਹ ਮਨਮੁਖ ਹੈ।(447)

ਪੂਰਨ ਸਤਿਗੁਰੂ ਦਿਲ ਦੇ ਰੋਗ ਦੂਰ ਕਰਦਾ ਹੈ।
ਤੇਰੇ ਦਿਲ ਦੀ ਕਾਮਨਾ ਦਿਲ ਵਿਚ ਹੀ ਪੂਰੀ ਕਰ ਦਿੰਦਾ ਹੈ।(448)

ਜਦ ਪੂਰਨ ਸਤਿਗੁਰੂ ਨੇ ਦਿਲ ਦੀ ਨਾੜੀ ਬੁਝ ਲਈ
ਤਾਂ ਜ਼ਿੰਦਗੀ ਨੇ ਉਮਰ ਦੀ ਪਰਾਪਤੀ ਸਮਝ ਲਈ।(449)

ਪੂਰਨ ਸਤਿਗੁਰੂ ਸਦਕਾ ਉਮਰ ਨੂੰ ਸਦੀਵੀ ਜੀਵਨ ਮਿਲਦਾ ਹੈ,
ਉਸ ਦੀ ਕਿਰਪਾ ਨਾਲ ਦਿਲ ਦੀ ਮਾਲਕੀ ਪਰਾਪਤ ਹੁੰਦੀ ਹੈ।(450)

When the Almighty got my mind rid of profanity,
The unblemished preceptor impressed upon it the intelligence,(445)

Otherwise how could I seek the true kindly light,
And how could I seek the true lesson from the book of veracity?(446)

When all this I have attained through the preceptor,
Any one who does not recognise the preceptor, is an apostate.(447)

The perfect preceptor removes all afflictions of the mind,
And all the desires prevailing in your heart are fulfilled.(448)

When the inviolate preceptor discerns your pulse,
Your life deems it as an absolute achievement.(449)

Through the flawless preceptor, the eternity is awarded to the life,
And through his benevolence mastery over the mind is attained.(450)

ਇਹ ਜੀਵ ਉਸੇ ਦੀ ਪਰਾਪਤੀ ਲਈ ਹੀ ਜਨਮਿਆ ਹੈ,
ਅਤੇ ਉਸੇ ਦੇ ਵਿਛੋੜੇ ਵਿਚ ਦੀਵਾਨਾ ਹੋਇਆ ਫਿਰਦਾ ਹੈ।(451)

ਇਹ ਸੱਚਾ ਸੌਦਾ ਸੱਚ ਦੀ ਦੂਕਾਨ ਤੇ ਹੀ ਹੁੰਦਾ ਹੈ,
ਪੂਰਨ ਸਤਿਗੁਰੂ ਰੱਬ ਦਾ ਚਿੰਨ੍ਹ ਹੁੰਦਾ ਹੈ।(452)

ਪੂਰਨ ਸਤਿਗੁਰੂ ਤੈਨੂੰ ਪਵਿਤ੍ਰਤਾ ਬਖ਼ਸ਼ਦਾ ਹੈ,
ਅਤੇ ਤੈਨੂੰ ਸੋਗ ਦੇ ਖ਼ੂਹ ਚੋਂ ਕੱਢ ਲੈਂਦਾ ਹੈ।(453)

ਪੂਰਨ ਸਤਿਗੁਰੂ ਦਿਲ ਦੇ ਰੰਗ ਦੂਰ ਕਰਦਾ ਹੈ,
ਜਿਸ ਨਾਲ ਦਿਲ ਦੀ ਕਾਮਨਾ ਦਿਲ ਵਿਚ ਹੀ ਪਰਾਪਤ ਹੋ ਜਾਂਦੀ ਹੈ।(454)

ਸੰਤ ਦੀ ਸੰਗਤ ਅਜਬ ਦੌਲਤ ਹੈ,
ਇਹ ਸਭ ਸੰਗਤ ਦੇ ਆਸਰੇ ਹੀ ਹੈ।(455)

ਹੇ ਮੇਰੇ ਅਜ਼ੀਜ਼, ਮੇਰੀ ਗੱਲ ਸੁਣ,
ਤਾਂ ਜੋ ਤੈਨੂੰ ਜਾਨ ਅਤੇ ਸਰੀਰ ਦਾ ਭੇਤ ਪਤਾ ਲਗ ਜਾਵੇ।(456)

The being is born to achieve him;
And now, feeling alienated, he is roaming around insane.(451)

This commodity of truth is available at a shop of truth,
The unblemished preceptor is a celestial symbol.(452)

The perfect preceptor endows you with the piety,
And takes you out of the dungeon of afflictions.(453)

The inviolate preceptor erases the mind's tinge,
And consequently the heartfelt desires get gratified within the heart.(454)

The enlightened one's company is a unique treasure,
And through the pious congregation, it is accessible.(455)

O My Cherished One, heed me,
So that you can distinguish between the body and the soul.(456)

ਤੂੰ ਰੱਬ ਦੇ ਭਗਤਾਂ ਦੇ ਢੁੰਡਾਉਆਂ ਦਾ ਸੱਜਨ ਬਣ ਜਾ,
ਰੱਬ ਦੇ ਜਾਪ ਤੋਂ ਬਿਨਾਂ ਹੋਰ ਕੋਈ ਸ਼ਬਦ ਜੀਭ ਤੇ ਨਾ ਲਿਆ।(457)

ਤੂੰ ਮਿੱਟੀ ਹੋ ਜਾ। ਰੱਬ ਦੇ ਭਗਤਾਂ (ਦੇ ਰਾਹ) ਦੀ ਧੁੜ ਹੋ ਰਹੁ,
ਤੂੰ ਇਸ ਹੋਛੀ ਦੁਨੀਆਂ ਲਈ ਚਿੰਤਾਤੁਰ ਨਾ ਹੋ।(458)

ਜੇ ਕਰ ਤੂੰ ਪ੍ਰੇਮ ਦੀ ਸ਼ਾਨ ਵਾਲੀ ਪੁਸਤਕ ਪੜ੍ਹ ਲਵੇਂ,
ਤਾਂ ਤੂੰ ਪ੍ਰੇਮ ਦੀ ਪੁਸਤਕ ਦਾ ਸਰਨਾਵਾਂ ਬਣ ਜਾਏਂ।(459)

ਰੱਬ ਦਾ ਪ੍ਰੇਮ ਤੈਨੂੰ ਰੱਬ ਦਾ ਹੀ ਰੂਪ ਬਣਾ ਦਿੰਦਾ ਹੈ,
ਅਤੇ ਦੋਹਾਂ ਜਹਾਨਾਂ ਵਿਚ ਉੱਚਾ ਅਤੇ ਸਿਰ ਕਢ ਬਣਾ ਦਿੰਦਾ ਹੈ।(460]

ਹੇ ਰੱਬ ਜੀ!ਮੇਰੇ ਇਸ ਦਿਲ ਨੂੰ ਪ੍ਰੇਮ ਦਾ ਰਾਹ ਦੱਸ,
ਅਤੇ ਆਪਣੇ ਵਿਸ਼ੇਸ਼ ਪ੍ਰੇਮ ਦੇ ਚਾਉ ਦਾ ਰਸ ਬਖ਼ਸ਼।(461)

ਤਾਂ ਜੋ ਤੇਰੀ ਯਾਦ ਵਿਚ ਮੇਰਾ ਦਿਨ ਰਾਤ ਗੁਜ਼ਰੇ,
ਤੂੰ ਮੈਨੂੰ ਫ਼ਿਕਰਾਂ ਅਤੇ ਗ਼ਮਾਂ ਦੀ ਕੈਦ ਤੋਂ ਮੁਕਤੀ ਬਖ਼ਸ਼।(462)

You become the confidant of the devotees of the Almighty,
And, in your eloquence, don't recount any word except the divine appellation.(457)

You epitomise yourself as dust, spread in the avenues of the godly devotees,
And don't be worried about this shallow world.(458)

If you perceive the anecdotes extoling the love,
Then you become the title of the book of adoration.(459)

The godly affection bestows upon you the celestial embodiment,
And makes you to expend life with a head held high in both the worlds.(460)

O, My Almighty, Lead my mind to the avenues of affection,
And endow me with the passion to grace your unique love,(461)

So that all my days and the nights are passed in your recollection,
Enable me to relinquish the slavery of the worries and sorrows.(462)

ਤੂੰ ਅਜਿਹੀ ਦੌਲਤ ਬਖਸ਼ ਜੋ ਸਦੀਵੀ ਹੋਵੇ,
ਅਤੇ ਅਜਿਹੀ ਸੰਗਤ ਬਖਸ਼ ਜੋ ਗ਼ਮਾਂ ਨੂੰ ਦੂਰ ਕਰਨ ਵਾਲੀ ਹੋਵੇ।(463)

ਤੂੰ ਅਜਿਹੀ ਨੀਅਤ ਬਖ਼ਸ਼ ਜੋ ਸੱਚ ਦੀ ਪੁਜਾਰੀ ਹੋਵੇ,
ਅਤੇ ਅਜਿਹੀ ਹਿੰਮਤ ਬ੍ਰਖ਼ਸ਼, ਜੋ ਰੱਬ ਦੇ ਰਾਹ ਤੇ ਜਾਨ ਵਾਰਨ ਵਾਲੀ ਹੋਵੇ।(464)

ਜੋ ਕੁਝ ਭੀ ਕੋਲ ਹੈ,ਤੇਰੇ ਰਾਹ ਉਤੇ ਕੁਰਬਾਨ ਕਰ ਦੇਵਾਂ,
ਜਾਨ ਅਤੇ ਦਿਲ ਰੱਬ ਦੇ ਰਾਹ ਉਤੇ ਕੁਰਬਾਨ ਕਰ ਦੇਵਾਂ।(465)

ਮੇਰੇ ਨੇਤ੍ਰਾਂ ਨੂੰ ਦਰਸ਼ਨਾਂ ਦਾ ਸੁਆਦ ਬ੍ਰਖ਼ਸ਼,
ਮੇਰੇ ਦਿਲ ਨੂੰ ਭੇਤਾਂ ਦਾ ਖ਼ਜ਼ਾਨਾ ਬ੍ਰਖ਼ਸ਼।(466)

ਸਾਡੇ ਇਸ ਲੱਠੇ ਹੋਏ ਦਿਲ ਨੂੰ ਚਾਉ ਬਖ਼ਸ਼,
ਸਾਡੇ ਗਲੇ ਨੂੰ ਬੰਦਗੀ ਦਾ ਪਟਾ ਬ੍ਰਖ਼ਸ਼।(467)

ਸਾਡੇ ਵਿਛੋੜੇ ਨੂੰ ਮਿਲਾਪ ਦੀ ਚਾਹ ਬ੍ਰਖ਼ਸ਼,
ਸਾਡੇ ਸਰੀਰ ਦੀ ਪੱਤ-ਝੜ ਤੇ ਕਿਰਪਾ ਕਰ।(468)

Endow me with such a wealth, as is eternal,
And bless me with a congregation that eliminates all my adversities.(463)

Bestow upon me intentions, which beseech the truth,
And grant me the courage to sacrifice myself for the godly domains.(464)

Whatever is in my possession, I may sacrifice for you,
And lay down my life and mind on your righteous path.(465)

Endow my eyes, with discernment of your glimpse,
And grant to my mind the treasure of your mysteries.(466)

Accord to our mean hearts the fondness for you,
And around our necks, set the collars of meditation.(467)

Equip our alienation with the spirit of tryst,
And be benevolent to our lives heading towards the autumn.(468)

ਸਾਡੇ ਹਰ ਇਕ ਵਾਲ ਨੂੰ ਜੀਭ ਕਰ ਦੇਣ ਦੀ ਕਿਰਪਾ ਕਰ,
ਤਾਂ ਜੋ ਅਸੀਂ ਸਵਾਸ ਸਵਾਸ ਰੱਬ ਦੀ ਸਿਫ਼ਤ ਸਲਾਹ ਕਰੀਏ।(469)

ਰੱਬ ਦੀ ਸਿਫ਼ਤ ਕਹਿਣ ਸੁਣਨ ਤੋਂ ਪਰੇ ਹੈ,
ਸੱਚੇ ਪਾਤਸ਼ਾਹ ਦੀ ਇਹ ਕਥਾ ਗਲੀ ਗਲੀ (ਸੁਣੀਂਦੀ) ਹੈ।(470)

ਕੀ ਤੈਨੂੰ ਪਤਾ ਹੈ ਕਿ ਇਸ ਗਲੀ ਦਾ ਕੀ ਭਾਵ ਹੈ?
ਉਸ ਦੀ ਸਿਫਤ ਸਲਾਹ ਕਹੁ ਹੋਰ ਕੁਝ ਨਾ ਕਹੁ। ਏਹੀ ਜੀਵਨ ਹੈ।(471)

ਉਸ ਦੀ ਬੰਦਗੀ ਵਿਚ ਜਿਊਂਣਾ ਸਭ ਤੋਂ ਉੱਤਮ ਹੈ,
ਭਾਵੇਂ ਕੋਈ ਸਿਰ ਤੋਂ ਪੈਰਾਂ ਤਕ ਵੀ ਮਾਲਿਕ ਕਿਉਂ ਨਾ ਹੋਵੇ।(472)

ਜੇ ਕਰ ਉਹ ਸਤਿ ਸਰੂਪ ਵਾਹਿਗੁਰੂ ਹਿੰਮਤ ਬਖ਼ਸ਼ੇ,
ਤਾਂ ਬੰਦੇ ਨੂੰ ਉਸ ਦੀ ਬੰਦਗੀ ਸਦਕੇ ਕਮਾਲ ਪਰਾਪਤ ਹੋ ਜਾਵੇ।(473)

ਬੰਦਗੀ ਬੰਦਾ ਹੋਣ ਦਾ ਕਮਾਲ ਹੈ,
ਬੰਦਗੀ ਹੀ ਜ਼ਿਦਗੀ ਦਾ ਨਿਸ਼ਾਨ ਹੈ।(474)

Turn each of our hair into a tongue,
So that we can extol the Almighty in our each breath.(469)

The praise of the Almighty is beyond any attempt,
And this anecdote of the True King is widespread in all the avenues.(470)

Do you know what the significance of this avenue is?
Nothing else but him exalt and that is the real living.(471)

To subsist in his worship is the ideal living,
May a personbe through and through an overlord.(472)

When he, the embodiment of truth, endows courage,
The man, through worship, achieves perfection.(473)

The worship is the wonder of manliness,
And the worship is the emblem of life.(474)

ਬੰਦੇ ਦੀ ਜ਼ਿੰਦਗੀ ਏਹ ਬੰਦਗੀ ਹੀ ਹੈ,
ਇਹ ਰੱਬ ਦੀ ਬੰਦਗੀ ਹੀ ਅਸਲ ਜ਼ਿੰਦਗੀ ਹੈ।(475)

ਜੇਕਰ ਤੈਨੂੰ ਜ਼ਿਦਗੀ ਦੇ ਨਿਸ਼ਾਨ ਦੀ ਲੋੜ ਹੈ,
ਤਾਂ ਤੇਰੇ ਲਈ ਰੱਬ ਦੀ ਬੰਦਗੀ ਕਰਨਾ ਹੀ ਉਚਿਤ ਹੈ।(476)

ਜਿਥੋਂ ਤਕ ਹੋ ਸਕੇ ਤੂੰ ਸੇਵਕ ਬਣ,ਸਾਹਿਬ ਨਾ ਹੋ,
ਬੰਦੇ ਨੂੰ ਬੰਦਗੀ ਬਿਨਾਂ ਕਿਸੇ ਹੋਰ ਵਸਤੂ ਦੀ ਤਲਾਸ਼ ਨਹੀਂ ਹੁੰਦੀ।(477)

ਮਿੱਟੀ ਦਾ ਇਹ ਸਰੀਰ ਰੱਬ ਦੀ ਬੰਦਗੀ ਕਰਕੇ ਹੀ ਪਵਿੱਤ੍ਰ ਹੈ,
ਬੰਦਗੀ ਬਿਨਾਂ ਹੋਰ ਸਭ ਸ਼ਰਮਿੰਦਗੀ (ਦਾ ਕਾਰਣ) ਹੀ ਹਨ।(478)

ਤੂੰ ਬੰਦਗੀ ਕਰ, ਤਾਂ ਜੋ (ਉਸ ਦੀ ਦਰਗਾਹੇ) ਕਬੂਲ ਹੋਵੇਂ
ਅਤੇ ਹਉਮੈਂ ਅਤੇ ਮਨਮੁਖਾਂ ਦੇ ਚਾਲੇ ਛੱਡ।(479)

(ਇਹ ਬੰਦਗੀ) ਦਿਲਾਂ ਦੇ ਮਾਲਕਾਂ ਨੂੰ ਚੰਗੀ ਲਗਦੀ ਹੈ,
ਇਸੇ ਬੰਦਗੀ ਕਾਰਣ ਤੇਰਾ ਮਰਤਬਾ ਉੱਚਾ ਹੁੰਦਾ ਹੈ।(480)

Man's life is only in the worship,
And this worship is the true life of the man.(475)

If you desire to achieve an emblem for your life,
The meditation upon the Almighty is the only way.(476)

Don't try to domineer, rather toil to become a server,
And except veneration, there is nothing more to explore.(477)

This body of dust is virtuous through the adoration for the Almighty,
As, except godly reverence, rest is all dishonour.(478)

You prevail in worship to get acceptance,
Rather than adopting the criteria of the egoists and the apostates.(479)

(This worship) behoves the hearty people.
Through that worship your status is enhanced.(480)

ਪੂਰਨ ਸਤਿਗੁਰੂ ਨੇ ਇਹ ਫੁਰਮਾਇਆ ਹੈ,
ਉਸ ਨੇ ਤੇਰੇ ਇਸ ਦਿਲ ਨੂੰ ਰੱਬ ਦੀ ਯਾਦ ਨਾਲ ਆਬਾਦ ਕਰ ਦਿੱਤਾ ਹੈ।(481)

ਤੂੰ ਪੂਰਨ ਸਤਿਗੁਰੂ ਦੇ ਇਸ ਹੁਕਮ ਨੂੰ ਦਿਲ ਵਿਚ ਉੱਕਰ ਲੈ,
ਤਾਂ ਜੋ ਤੇਰਾ ਸਿਰ ਦੋਹਾਂ ਜਹਾਨਾਂ ਵਿਚ ਉੱਚਾ ਹੋਵੇ।(482)

ਇਹ (ਹੁਕਮ) ਤੇਰੇ ਤਾਂਬੇ ਦੇ ਸਰੀਰ ਨੂੰ ਕੁੰਦਨ ਬਣਾ ਦੇਂਦਾ ਹੈ,
ਇਹ ਕੁੰਦਨ ਰੱਬ ਦੀ ਯਾਦ ਤੋਂ ਪਰਾਪਤ ਹੁੰਦਾ ਹੈ।(483)

ਇਹ (ਮਾਯਾ ਰੂਪੀ) ਸੋਨਾ ਨਾਸ਼ਵਾਨ ਹੈ, ਅਤੇ ਸੈਂਕੜੇ ਆਫਤਾਂ ਦਾ ਭੰਵਰ ਹੈ।
ਸਤਿਸਰੂਪ ਵਾਹਿਗੁਰੂ ਦੀ ਜ਼ਾਤ ਵਾਂਗ ਇਹ(ਬੰਦਗੀ ਰੂਪੀ) ਸੋਨਾ ਸਥਿਰ ਹੈ।(484)

ਸੱਚੀ ਦੌਲਤ ਪਰਵਾਨ ਹੋਏ ਗੁਰਮੁਖਾਂ ਦੀ ਚਰਨਧੂੜ ਵਿਚ ਹੈ,
ਇਹ ਅਜੇਹੀ ਸੱਚੀ ਦੌਲਤ ਹੈ, ਜਿਸਨੂੰ ਕੋਈ ਹਾਨੀ ਨਹੀਂ।(485)

ਤੂੰ ਵੇਖਿਆ ਹੈ ਹਰ ਬਹਾਰ ਪੱਤ-ਝੜ ਨੂੰ ਲਿਆਉਂਦੀ ਹੈ(ਅੰਤ ਨੂੰ ਹਰ ਫਲ ਝੜ ਜਾਂਦਾ ਹੈ),
ਉਂਜ ਭਾਵੇਂ ਇਸ ਸੰਸਾਰ ਵਿਚ ਨਿਤ ਬਹਾਰ ਆਉਂਦੀ ਹੈ।(486)

The perfect preceptor has expounded as such,
He has enliven your heart with the godly recollection.(481)

Inscribe in your heart the commands of the inviolate preceptor,
So that you can hold your head high in both the worlds.(482)

This command will turn your body of copper into gold,
And this gold is achieved through the evocation of the Almighty.(483)

This mundane gold is destructible and harbinger of many predicaments,
But the remembrance infused with (celestial) gold is infinite.(484)

The true riches are in the dust under the pious feet,
And this is so real a wealth that it cannot be decimated.(485)

Every spring is followed by autumn, this you have observed,
Though the spring comes too often in this world.(486)

ਪਰ ਇਹ(ਬੰਦਗੀ ਰੂਪੀ) ਬਹਾਰ ਪਰਲੋ ਤਕ ਹਰੀ ਭਰੀ ਰੰਹਿਦੀ ਹੈ,
ਹੇ ਅਕਾਲ ਪੁਰਖ! (ਇਸ ਬਹਾਰ ਨੂੰ) ਭੈੜੀ ਨਜ਼ਰ ਨਾ ਲਗੇ।(487)

ਜਿਸ ਕਿਸੇ ਨੂੰ ਰੱਬ ਦੇ ਭਗਤਾਂ ਦੀ ਚਰਨ ਧੂੜ ਦਾ ਸੁਰਮਾ ਮਿਲ ਗਿਆ,
ਯਕੀਨ ਜਾਣ,ਕਿ ਉਸ ਦੇ ਮੁਖੜੇ ਤੇ ਰੱਬੀ ਨੂਰ ਚਮਕਣ ਲਗ ਪਿਆ।(488)

ਰੱਬੀ ਗਿਆਨਵਾਨ ਭਾਵੇਂ ਇਸ ਸੰਸਾਰ ਵਿਚ ਹੀ ਵਿਚਰਦਾ ਹੈ,
ਪਰ ਅਸਲ ਵਿਚ (ਅੰਤਾ-ਕਰਨ ਤੋਂ) ਉਹ ਰੱਬ ਦਾ ਹੀ ਢੁੰਢਾਊ ਹੁੰਦਾ ਹੈ।(489)

ਉਹ ਸਵਾਸ ਸਵਾਸ ਰੱਬ ਦਾ ਸਿਮਰਨ ਕਰਦਾ ਹੈ,
ਉਸ ਦੀ ਸ਼ਾਨ ਵਿਚ ਉਸੇ ਦੇ ਨਾਮ ਦੀ ਤੁਕ ਹਰ ਦਮ ਪੜ੍ਹਦਾ ਹੈ।(490)

ਉਹ ਸਵਾਸ ਸਵਾਸ ਆਪਣੇ ਦਿਲ ਨੂੰ ਰੱਬ ਦੇ ਧਿਆਨ ਵਿਚ ਲਾਈ ਰਖਦੇ ਹਨ,
ਉਹ ਰੱਬ ਦੀ ਯਾਦ ਰੂਪੀ ਸੁਗੰਧੀ ਨਾਲ ਆਪਣੀ ਬੁੱਧੀ ਨੂੰ ਸੁਗੰਧਤ ਕਰਦੇ ਹਨ।(491)

ਉਹ ਹਰ ਦਮ ਰੱਬ ਨਾਲ ਜੁੜਿਆ ਰਹਿੰਦਾ ਹੈ,
ਉਸ ਨੂੰ ਇਸ ਜੀਵਨ ਦਾ ਸੱਚਾ ਫਲ ਪਰਾਪਤ ਹੋ ਜਾਂਦਾ ਹੈ।(492)

But this spring (of worship) remains prevalent till the doom's day,
O My Almighty, may it not be affected by malevolent looks.(487)

Whosoever is blessed with the collyrium of the dust from under the pious feet,
Believe me, the godly resplendence starts emanating from his visage.(488)

Although the celestial knower is prevailing in this temporal world,
In fact he is, him self, in search of godly consciousness.(489)

Every breath of his is permeated with divine recollection,
And anecdotes of his glorious name are always in his eloquence.(490)

Through every breath of his, he puts his mind upon the Almighty,
And with the godly aroma he keeps his heart suffused with celestial fragrance.(491)

He always remains linked with the Almighty,
And, consequently, he obtains the true fruit of his life.(492)

Sri Satguru Jagjit Singh Ji Elibrary NamdhariElibrary@gmail.com

ਇਸ ਜੀਵਨ ਦਾ ਫਲ ਗੁਰੂ ਕੋਲ ਹੈ,
ਰੱਬ ਦਾ ਜਾਪ ਉਸ ਦੀ ਰਸਨਾ ਉਤੇ ਰਹਿੰਦਾ ਹੈ।(493)

ਸਤਿਗੁਰੂ ਰੱਬ ਦਾ(ਸਾਖਿਆਤ) ਦੀਦਾਰ ਹੁੰਦਾ ਹੈ,
ਇਸ ਲਈ ਤੂੰ ਉਸ ਦੀ ਰਸਨਾ ਤੋਂ ਰੱਬ ਦੇ ਭੇਤ ਸੁਣ।(494)

ਪੂਰਨ ਸਤਿਗੁਰੂ ਰੱਬ ਦਾ ਹੀ ਰੂਪ ਸਰੂਪ ਹੁੰਦਾ ਹੈ
ਉਸ ਦੀ ਮੂਰਤ ਸਦਾ ਦਿਲ ਵਿਚ ਵਸਦੀ ਹੈ।(495)

ਉਸ ਦੀ ਮੂਰਤ ਜਦ ਕਿਸੇ ਦਿਲ ਵਿਚ ਵਸ ਜਾਂਦੀ ਹੈ,
ਤਾਂ ਰੱਬ ਦਾ ਇਕੋ ਅਖੱਰ ਉਸ ਦੇ ਦਿਲ ਵਿਚ ਘਰ ਕਰ ਲੈਂਦਾ ਹੈ।(496)

ਮੈਂ ਇਨਾਂ ਮੋਤੀਆਂ ਦੇ ਦਾਨਿਆਂ ਨੂੰ ਇਸ ਲਈ ਪਰੋਇਆ ਹੈ,
ਕਿ ਇਹ ਤਰਤੀਬ ਅਗਿਆਤ ਦਿਲਾਂ ਨੂੰ (ਰੱਬ ਦੇ ਭੇਤਾਂ ਤੋਂ) ਵਾਕਫ਼ ਕਰ ਦੇਵੇ।(497)

(ਇਹ ਗਰੰਥ) ਪਿਆਲੇ ਵਾਂਗ ਜ਼ਿੰਦਗੀ ਦੇ ਅੰਮ੍ਰਿਤ ਨਾਲ ਭਰਿਆ ਹੋਇਆ ਹੈ,
ਇਸ ਲਈ ਇਸ ਦਾ ਨਾਮ 'ਜ਼ਿਦਗੀ ਨਾਮਾ' ਹੋ ਗਿਆ।(498)

The fruit of this life comes through the preceptor,
On whose eloquence, the godly name predominates all the time.(493)

The perfect preceptor mirrors the absolute Almighty,
Therefore, you must toil to get divine mysteries unravelled through him.(494)

The absolute preceptor is the embodiment of the Almighty,
His reflections always remain lodged in our hearts.(495)

When his image inhabits any individual heart,
Then only the godly name abides in his mind.(496)

I have strung all these beads in this wreath,
So that this measure may impart (awareness) to the ignorant ones.(497)

Like the cup, this book is brimful with the nectarous existence,
And, therefore, it is assigned the name of The Epistle of Life.(498)

ਇਸ ਦੇ ਕਲਾਮ ਵਿਚੋਂ ਰੱਬੀ ਗਿਆਨ ਦੀ ਸੁਗੰਧੀ ਆਉਂਦੀ ਹੈ,
ਇਸ ਨਾਲ ਇਕ ਸੰਸਾਰ ਦੇ ਦਿਲ ਦੀ ਗੰਢ ਖੁਲ੍ਹ ਜਾਂਦੀ ਹੈ।(499)

ਜਿਹੜਾ ਵੀ ਇਸ ਨੂੰ ਰੱਬ ਦੀ ਮਹਿਰ ਅਤੇ ਕ੍ਰਿਪਾ ਸਹਿਤ ਪੜ੍ਹਦਾ ਹੈ,
ਉਹ ਗਿਆਨਵਾਨਾਂ ਵਿਚ ਸਤਿਕਾਰ ਪਾਉਂਦਾ ਹੈ।(500)

ਇਸ (ਗ੍ਰੰਥ) ਵਿਚ ਪਵਿਤ੍ਰ ਰੱਬੀ ਗਿਆਨਵਾਨਾਂ ਦਾ ਵਰਨਣ ਹੈ,
ਇਹ ਵਰਨਣ ਬੁੱਧੀ ਅਤੇ ਸੂਝ ਨੂੰ ਰੋਸ਼ਨ ਕਰਦਾ ਹੈ।(501)

ਹੇ ਜਾਣਕਾਰ! ਇਸ ਵਿਚ ਬਿਨਾ ਰੱਬ ਦੀ ਬੰਦਗੀ ਦੇ,
ਹੋਰ ਕੋਈ ਦੂਜਾ ਅਖੱਰ ਦਰਜ ਨਹੀਂ।(502)

ਰੱਬ ਦੀ ਯਾਦ ਚਾਨਣੇ ਦਿਲਾਂ ਦੀ ਪੂੰਜੀ ਹੈ,
ਰੱਬ ਦੀ ਯਾਦ ਤੋਂ ਛੁਟ ਬਾਕੀ ਸਭ ਕੁਝ ਵਿਆਰਥ ਹੈ।(503)

ਰੱਬ ਦੀ ਯਾਦ ਤੋਂ ਛੁਟ ਹੋਰ ਕੋਈ ਦੂਜਾ ਹਰਫ਼ ਨਾ ਪੜ੍ਹ,
ਰੱਬ ਦੀ ਯਾਦ, ਹਾਂ ਰੱਬ ਦੀ ਯਾਦ, ਬੱਸ ਰੱਬ ਦੀ ਯਾਦ।(504)

Its text sprinkles the aroma of divine cognisance,
And through this the temporal clusters are unfolded.(499)

One who reads it through the godly benevolence and compassion,
Achieves honours among the enlightened ones.(500)

In it, there is the narration of celestial scholars,
Which enlightens the intellect and the understanding.(501)

Oh, you the Seeker, in it, except reverence for the Almighty,
There is no mention of any other word.(502)

The godly remembrance is the wealth of enlightened minds,
And except the divine reminiscence, rest is all futile.(503)

Except the evocation to the Almighty, do not perceive any hearsay,
Only the godly retention, only the godly retention and only the godly retention.(504)

ਹੇ ਅਕਾਲ ਪੁਰਖ! ਹਰ ਮੁਰਝਾਏ ਹੋਏ ਦਿਲ ਨੂੰ ਹਰਿਆ ਕਰ,
ਹਰ ਕੁਮਲਾਏ ਹਿਰਦੇ ਨੂੰ ਹਰਿਆ ਕਰ।(505)

ਹੇ ਆਕਾਲ ਪੁਰਖ! ਇਸ ਬੰਦੇ (ਸੇਵਕ) ਦਾ ਸਹਾਈ ਹੋ,
ਹਰ ਸ਼ਰਮਿੰਦੇ ਦਿਲ ਨੂੰ ਸੁਰਖਰੂ ਕਰ।(506)

ਹੇ ਅਕਾਲ ਪੁਰਖ! ਗੋਯਾ ਦੇ ਦਿਲ ਵਿਚ ਪਰੇਮ ਦੀ ਚਾਹ ਬਖਸ਼,
ਗੋਯਾ ਦੀ ਜੀਭ ਪੁਰ ਆਪਣੇ ਚਾਉ ਦਾ ਇਕ ਕਿਣਕਾ ਬਖਸ਼।(507)

ਤਾਂ ਜੋ ਰੱਬ ਦੀ ਯਾਦ ਤੋਂ ਛੁਟ ਹੋਰ ਦੂਜਾ ਕੋਈ ਸਿਮਰਨ ਨਾ ਕਰੇ,
ਤਾਂ ਜੋ ਰੱਬ ਦੇ ਪ੍ਰੇਮ ਤੋਂ ਬਿਨਾਂ ਹੋਰ ਦੂਜਾ ਕੋਈ ਸਬਕ ਨਾ ਪੜ੍ਹੇ।(508)

ਤਾਂ ਜੋ ਬਿਨਾ ਰੱੱਬ ਦੇ ਸਿਮਰਨ ਦੇ ਹੋਰ ਦੂਜਾ ਕੋਈ ਨਾਮ ਨਾ ਲਵੇ,
ਤਾਂ ਜੋ ਬਿਨਾਂ ਰੱਬ ਦੇ ਧਿਆਨ ਦੇ ਹੋਰ ਦੂਜਾ ਕੋਈ ਸ਼ਬਦ ਨਾਂ ਕਹੇ।(509)

{ਹੇ ਅਕਾਲ ਪੁਰਖ! ਮੇਰੀਆਂ}ਅੱਖਾਂ ਨੂੰ ਰੱਬ ਦੇ ਦੀਦਾਰ ਨਾਲ ਨੂਰੋ ਨੂਰ ਕਰ ਦੇ,
{ਮੇਰੇ} ਵਿਚੋਂ ਰੱਬ ਤੋਂ ਬਿਨਾਂ ਸਭ ਕੁਝ ਦੂਰ ਕਰ ਦੇ।(510)

O My Almighty, endow verdancy to all the putrefied minds,
And grant verdure to the decaying hearts.(505)

O My Almighty, be the protector of this being,
And bestow redemption on every disconcerted heart.(506)

O My Almighty, bestow upon Goya's heart the fondness for devotion.
And sprinkle your affection on the eloquence of Goya, may be just an iota,(507)

So that, except the recollection of the Almighty, he may not indulge in any other worship,
And also he may not learn any other lesson apart from celestial motivation.(508)

So that he may not indulge in any other deification,
So that he may not recount any other word except God.,(509)

O Almighty, illuminate my eyes with the divine resplendence.
Eliminate all that there is in my heart except the Almighty.(510)

ਗੰਜਨਾਮਾ

Ganj Naama

Panegyrical Discourse

ਵਾਹਿਗੁਰੂ ਜੀਓ ਹਾਜ਼ਰ ਨਾਜ਼ਰ

ਗੁਰੂ ਗੋਬਿੰਦ ਗੋਪਾਲ ਗੁਰ ਪੂਰਨ ਨਾਰਾਇਣਹਿ।
ਗੁਰ ਦਿਆਲ ਸਮਰੱਥ ਗੁਰ ਗੁਰ ਨਾਨਕ ਪਤਿਤ ਉਧਾਰਣਹਿ।

ਮੇਰਾ ਦਿਲ ਅਤੇ ਜਾਨ ਹਰ ਸਵੇਰ ਅਤੇ ਸ਼ਾਮ,
ਮੇਰਾ ਸਿਰ ਅਤੇ ਮੱਥਾ ਸਿਦਕ ਅਤੇ ਸਫਾਈ ਨਾਲ
ਆਪਣੇ ਗੁਰੂ ਤੋਂ ਕੁਰਬਾਨ ਜਾਵੇ,
ਨਿਮਰਤਾ ਸਾਹਿਤ ਲੱਖਾਂ ਵਾਰ ਕੁਰਬਾਨ ਹੋਵੇ।(1) (2)

ਕਿਉਂ ਜੋ ਉਸ ਨੇ ਮਨੁੱਖਾਂ ਵਿਚੋਂ ਦੇਵਤੇ ਪ੍ਰਗਟ ਕੀਤੇ ਹਨ,
ਉਸ ਨੇ ਮਿੱਟੀ ਦੇ ਜੀਵਾਂ ਦੇ ਮਾਨ ਸਤਿਕਾਰ ਵਧਾ ਦਿੱਤੇ।(3)

ਉਸ ਦੇ ਸਤਿਕਾਰੇ ਹੋਏ ਸਾਰੇ ਹੀ ਉਸ ਦੇ ਚਰਨਾਂ ਦੀ ਧੂੜ ਹਨ
.ਸਾਰੇ ਦੇਵੀ-ਦੇਵਤੇ ਉਸ ਤੋਂ ਕੁਰਬਾਨ ਹਨ।(4)

ਭਾਵੇਂ ਹਜ਼ਾਰਾਂ ਸੂਰਜ ਚੰਨ ਪਏ ਚਮਕਣ,
ਪਰ ਉਸ ਗੁਰੂ ਤੋਂ ਬਿਨਾਂ ਸਾਰਾ ਜਹਾਨ ਘੋਰ ਅੰਨੇਰਾ ਹੈ।(5)

ਪਾਕ ਪਵਿਤ੍ਰ ਮੁਰਸ਼ਦ ਰੱਬ ਦਾ ਹੀ ਨੂਰ ਹੈ,
ਇਸੇ ਕਾਰਣ ਉਹ ਮੇਰੇ ਦਿਲ ਵਿਚ ਵਸਿਆ ਹੈ (6)

The Almighty is Omnipresent

Guru Nanak, the perfect mentor, is the sustainer of the earth and inhabitant of all hearts.
He is kind and potent, and redeemer of sinners

My mind and being, at down and dusk,
My head and forehead, in all reverence,(1)

Serve as offering to their perfect preceptor,
Thousands of times in humility;(2)

Because he has produced the gods out of the humans,
And bestowed honours upon these mortals of dust.(3)

All the acclaimed ones are just the dust of his feet,
And all the gods and the goddesses pay tribute to him.(4)

May there be thousands of Suns and Moons glittering,
But without that preceptor, the whole universe remains in darkness.(5)

The pious and ideal preceptor is the embodiment of godly resplendence,
And, consequently, he keeps on predominating my heart.(6)

ਉਹ ਮਨੁੱਖ ਜਿਹੜੇ ਉਸ ਨੂੰ ਯਾਦ ਨਹੀਂ ਕਰਦੇ,
. ਸਮਝੋ ਕਿ ਉਨ੍ਹਾਂ ਆਪਣੀ ਜਾਨ ਅਤੇ ਦਿਲ ਦਾ ਫਲ ਅਜਾਈਂ ਗਵਾ ਲਿਆ।(7)

ਇਸ ਸਸਤੇ ਫਲਾਂ ਨਾਲ ਭਰੇ ਖੇਤ ਨੂੰ
ਜਦ ਉਹ ਦੂਰੋਂ ਰੱਜ ਕੇ ਵੇਖਦਾ ਹੈ,(8)

ਤਾਂ ਉਸ ਨੂੰ ਵੇਖਣ ਵਿਚ ਆਨੰਦ ਪਰਾਪਤ ਹੁੰਦਾ ਹੈ
ਅਤੇ ਉਹ ਉਨਾਂ ਫਲਾਂ ਨੂੰ ਤੋੜਨ ਲਈ ਨਸਦਾ ਹੈ।(9)

ਪਰ ਉਸ ਖੇਤ 'ਚੋਂ ਉਸ ਨੂੰ ਕੋਈ ਫਲ ਪਰਾਪਤ ਨਹੀਂ ਹੁੰਦਾ
ਅਤੇ ਉਹ ਫੇਰ ਭੁਖਾ ਤਿਹਾਇਆ ਅਤੇ ਕੰਮਜ਼ੋਰ ਮੁੜ ਜਾਂਦਾ ਹੈ।(10)

ਸਤਿਗੁਰ ਤੋਂ ਬਿਨਾਂ ਸਭ ਕੁਝ ਇਸੇ ਤਰ੍ਹਾਂ ਸਮਝ,
ਜਿਵੇਂ ਕਿ ਝਾੜਾਂ ਅਤੇ ਕੰਡਿਆਂ ਨਾਲ ਭਰਿਆ ਹੋਇਆ ਖੇਤ ਹੋਵੇ।(11)

ਪਹਿਲੀ ਪਾਤਸ਼ਾਹੀ
(ਵਾਰਤਕ)
ਵਾਹਿਗੁਰੂ ਜੀਓ ਸਤ ਵਾਹਿਗੁਰੂ ਜੀਓ ਹਾਜ਼ਰ ਨਾਜ਼ਰ

The being that does not meditate upon him,
May be deemed to have wasted the fruit of his life.(7)

Upon these fields swarming with shoddy fruits,
When he accords satiated vision from a distance,(8)

He feels contented just by looking at them,
And races towards them to pluck the fruits.(9)

But, he gets no fruits from that garden,
And returns all hungry, thirsty and tired.(10)

And, without the preceptor, deem all the play,
As if all the fields were strewn with the thorny bushes.(11)

First Guru - Guru Nanak Dev Jee
(In Prose)
The Almighty is the Truth
The Almighty is Omnipresent

ਉਸ ਦਾ ਨਾਮ ਨਾਨਕ ਪਾਤਸ਼ਾਹ ਹੈ ਤੇ ਉਹ ਸੱਚੇ ਧਰਮ ਵਾਲਾ ਹੈ।
ਉਸ ਜਿਹਾ ਹੋਰ ਕੋਈ ਦਰਵੇਸ਼ ਸੰਸਾਰ ਵਿਚ ਨਹੀਂ ਆਇਆ।(13)

ਉਸ ਦੀ ਫਕੀਰੀ, ਦਰਵੇਸ਼ੀ ਦਾ ਸਿਰ ਉੱਚਾ ਕਰਦੀ ਹੈ,
ਉਸ ਦੇ ਸਾਮ੍ਹਣੇ ਸਭ ਦਾ ਕੰਮ ਜਾਨ ਵਾਰਨਾ ਹੈ(14)

ਕੀ ਖਾਸ ਅਤੇ ਕੀ ਆਮ, ਕੀ ਫਰਿਸ਼ਤੇ ਤੇ ਕੀ ਰੱਬੀ ਦਰਗਾਹ ਦੇ ਦਰਸ਼ਕ,
ਸਾਰੇ ਹੀ ਉਸ ਦੀ ਧੂੜ ਦੇ ਜਾਚਕ ਹਨ।(15)

ਜਦ ਰੱਬ ਆਪ ਉਸ ਦੀ ਉਸਤਤਿ ਕਰਦਾ ਹੈ, ਤਾਂ ਮੈਂ ਕੀ ਸਿਫਤ ਕਰਾਂ?
ਉਸ ਦੀ ਸਿਫਤ ਦੇ ਰਾਹ ਤੇ ਮੈ ਕਿਵੇਂ ਚਲਾਂ?(16)

ਰੂਹਾਂ ਦੀ ਦੁਨੀਆਂ ਦੇ ਲਖਾਂ ਹੀ (ਫਰਿਸ਼ਤੇ) ਉਸ ਦੇ ਮੁਰੀਦ ਹਨ,
ਇਸ ਜਹਾਨ ਦੇ ਲੱਖਾਂ ਲੋਕ ਉਸ ਦੇ ਮੁਰੀਦ ਹਨ।(17)

ਅਧਿਆਤਮਕ ਸੰਸਾਰ ਦੇ ਸਾਰੇ ਦੇਵਤੇ ਉਸ ਤੋਂ ਕੁਰਬਾਨ ਜਾਂਦੇ ਹਨ,
ਰੂਹਾਨੀ ਸੰਸਾਰ ਦੇ ਸਾਰੇ ਫਰਿਸ਼ਤੇ ਉਸ ਦੇ ਚਰਨਾਂ ਤੇ ਢਹਿੰਦੇ ਹਨ।(18)

Sovereign Nanak is his name and he is pervaded with righteousness,
No other holy-man, as distinctive as he, has ever been in the world.(13)

His detachment enhances the pride of the saintliness,
And it becomes every body's mission to sacrifice life for him.(14)

The seekers of the Almighty and common on-lookers,
All are toiling for the (divine) dust sprinkled by him.(15)

When the Almighty himself eulogises him, what tribute can I render,
And how can I expound his worthiness?(16)

Thousands from the domain of the spirits are his disciples,
And so are the millions from the temporal world.(17)

All Gods from the metaphysical world pay tribute to him,
And all the angels from the spiritual universe bow at his feet.(18)

ਇਸ ਜਹਾਨ ਦੇ ਸਾਰੇ ਲੋਕ ਉਸ ਦੇ ਬਣਾਏ ਦੇਵਤੇ ਹਨ,
ਉਸ ਦਾ ਦੀਦਾਰ ਹੇਠਾਂ ਉਪਰ ਸਭ ਥਾਈਂ ਪ੍ਰਕਾਸ਼ਮਾਨ ਹੈ।(19)

ਉਸ ਦੀ ਸੰਗਤ ਵਿਚ ਬੈਠਣ ਵਾਲੇ ਸਭ ਗਿਆਨਵਾਨ ਹਨ,
ਉਹ ਰੱਬ ਦੀ ਜ਼ਾਤ ਦੀ ਸਿਫਤ ਸ਼ਲਾਘਾ ਕਰਣ ਵਾਲੇ ਹਨ(20)

ਉਨ੍ਹਾਂ ਦਾ ਮਾਨ ਸਤਿਕਾਰ, ਸਥਾਨ ਅਤੇ ਮਰਤਬਾ ਅਤੇ ਨਾਮ ਨਿਸ਼ਾਨ ਰਹਿੰਦੀ ਦੁਨੀਆਂ ਤਕ ਸਥਿਤ ਹੈ, ਉਹ ਪਾਕ ਪਰਵਦਗਾਰ ਉਨ੍ਹਾਂ ਨੂੰ ਦੂਜਿਆਂ ਨਾਲੋਂ ਉਚੇਰਾ ਦਰਜ਼ਾ ਬਖਸ਼ਦਾ ਹੈ।(21)

ਜਦ ਦੋਹਾਂ ਜਹਾਨਾਂ ਦੇ ਮੁਰਸ਼ਦ ਨੇ ਆਪਣੀਆਂ ਅਨੇਕਾਂ
ਬਖ਼ਸ਼ਿਸ਼ਾਂ ਦੁਆਰਾ ਉਸ ਨੂੰ ਸੰਬੋਧਨ ਕੀਤਾ ।(22)

ਤਾਂ ਉਸ ਨੇ ਕਿਹਾ ਕਿ ਮੈਂ ਤੇਰਾ ਬੰਦਾ ਹਾਂ, ਤੇਰਾ ਗੁਲਾਮ ਹਾਂ,
ਅਤੇ ਤੇਰੇ ਆਮ ਤੇ ਖ਼ਾਸ ਸਭ ਬੰਦਿਆਂ ਦੇ ਚਰਨਾਂ ਦੀ ਧੂੜ ਹਾਂ।(23)

ਫਿਰ ਜਦ ਉਸ ਨੂੰ ਇਸ ਤਰਾਂ ਸੰਬੋਧਨ ਕੀਤਾ ਗਿਆ,
ਤਾਂ ਬਾਰ ਬਾਰ ਇਹੀ ਉਤਰ ਆਇਆ।(24)

All the humans of the world become god-like through him,
His image is evident both in the nether and the upper domains.(19)

All in his congregation are knowledgeable,
And they rejoice in appreciating the magnanimity of the Almighty.(20)

Their respect, abode, honour and standard
Triumph forever; and God endows to them a position higher than others.(21)

When the Lord of both the worlds addressed,
Him through his benevolence,(22)

He responded, 'I am your man, I am your slave,
And I am the dust from the feet of both, the high and the low.'(23)

The same way, when he was approached again,
He repeatedly responded with similar reply,(24)

ਕਿ ਮੈ ਤੇਰੇ ਵਿਚ (ਵਸਦਾ ਹਾਂ)ਅਤੇ ਤੇਰੇ ਬਿਨਾਂ ਹੋਰ ਕੋਈ ਦੂਜਾ ਨਹੀਂ(ਦਿਸਦਾ),
ਜੋ ਕੁਝ ਮੈਂ ਚਾਹੁੰਦਾ ਹਾਂ,ਉਹ ਕਰਦਾ ਹਾਂ ਅਤੇ ਉਹੀ ਇਨਸਾਫ ਦੀ ਗੱਲ ਹੈ।(25)

ਮੇਰੇ ਸਿਮਰਨ ਦਾ ਰਾਹ ਇਸ ਜਹਾਨ ਨੂੰ ਵਿਖਾ,
ਅਤੇ ਮੇਰੀ ਕੀਤੀ ਸਿਫਤ ਨਾਲ ਸਭ ਨੂੰ ਪਵਿਤ੍ਰ ਕਰ ਦੇ।(26)

ਸਭ ਥਾਂ ਮੈ ਤੇਰਾ ਦੋਸਤ ਅਤੇ ਤੇਰੀ ਪਨਾਹ ਹਾਂ,
ਮੈਂ ਤੇਰੀ ਸਹਾਇਤਾ ਕਰਨ ਵਾਲਾ ਹਾਂ,ਮੈਂ ਤੈਨੂੰ ਚਾਹੁਣ ਵਾਲਾ ਹਾਂ।(27)

ਜਿਹੜਾ ਵੀ ਤੇਰੇ ਨਾਮ ਨੂੰ ਉੱਚਾ ਸਮਝੇਗਾ,
ਉਹ ਦਿਲ ਜਾਨ ਨਾਲ ਮੇਰੀ ਸਿਫਤ ਸ਼ਲਾਘਾ ਕਰੇਗਾ।(28)

ਮੈਨੂੰ ਫਿਰ ਆਪਣੀ ਅਪਰਮ ਆਪਾਰ ਜਾਤ ਵਿਖਾ,
ਮੇਰੇ ਔਖੇ ਸਮੇਂ ਨੂੰ ਸੌਖਾ ਬਣਾ ਦੇ।(29)

ਤੂੰ ਸੰਸਾਰ ਵਿਚ ਆ ਅਤੇ ਰਾਹ-ਵਿਖਾਉਣ ਵਾਲਾ ਬਣ,
ਕਿਉਂ ਜੋ ਮੇਰੇ ਬਿਨਾ ਇਸ ਜਹਾਨ ਦੀ ਜੌਂ ਭਰ ਵੀ ਕੀਮਤ ਨਹੀਂ।(30)

That I am in you and there is none other like you,
Whatever I wish, I perform and that is always just.(25)

Show the world the way of meditation by Me,
And, by dint of My compliments, make them all virtuous.(26)

At all the places I am your benefactor and sustainer,
I am your helper and I regard you well.(27)

Who so ever will esteem you high,
He will, through his mind and soul, acclaim me.(28)

Display to me your lofty self,
And convert my enigmas into simple ones.(29)

Go to the world, and lead with my kindly light,
Because, without me, this temporal world has no significance.(30)

ਅਸਲ ਵਿਚ ਜਦ ਮੈਂ ਰਾਹ ਵਿਖਾਉਣ ਵਾਲਾ ਹਾਂ,
ਤਾਂ ਤੂੰ ਇਸ ਜਹਾਨ ਦਾ ਪੰਧ ਆਪਣੇ ਪੈਰਾਂ ਨਾਲ ਮੁਕਾ।(31)

ਜਿਸ ਕਿਸੇ ਨੂੰ ਮੈਂ ਚਾਹੁੰਦਾ ਹਾਂ ਅਤੇ ਉਸ ਨੂੰ ਰਾਹ ਵਿਖਾਉਂਦਾ ਹਾਂ ,
ਤੇਰੇ ਕਾਰਣ ਉਸ ਦੇ ਦਿਲ ਵਿਚ ਖੁਸ਼ੀ ਲਿਆਉਂਦਾ ਹਾਂ(32)

ਤੇ ਜਿਸ ਨੂੰ ਮੈਂ ਕਰੋਪ ਨਾਲ ਕੁਰਾਹੇ ਪਾ ਦਿਆਂ,
ਉਹ ਤੇਰੀ ਸਿੱਖਿਆ ਨਾਲ ਭੀ ਰੱਬ ਤਕ ਨਹੀਂ ਪੁੱਜ ਸਕਦਾ।(33)

ਇਹ ਸੰਸਾਰ ਮੇਰੇ ਬਿਨਾਂ ਕੁਰਾਹੇ ਪਿਆ ਹੋਇਆ ਹੈ,
ਮੇਰੇ ਜਾਣੂ,ਜਾਦੂਗਰ ਬਣ ਗਏ ਹਨ।(34)

ਉਹ ਮੁਰਦਿਆਂ ਨੂੰ ਸੁਰਜੀਤ ਕਰ ਦਿੰਦੇ ਹਨ,
ਅਤੇ ਜੀਵੰਦਿਆਂ ਨੂੰ ਜਾਨੋਂ ਮਾਰ ਦਿੰਦੇ ਹਨ।(35)

ਉਹ ਅੱਗ ਨੂੰ ਪਾਣੀ ਵਾਂਗ ਬਣਾ ਦਿੰਦੇ ਹਨ,
ਅਤੇ ਪਾਣੀ ਨੂੰ ਅੱਗ ਨਾਲ ਬੁਝਾਂਉਦੇ ਹਨ।(36)

In fact, I show you the way,
And you go and cover the paths on your own feet,(31)

Whomsoever I adore, I enlighten him with the avenues,
And through you I create happiness in him.(32)

And the one whom I put on sordid routes,
Doesn't regain the Almighty through your guidance even.(33)

Without me, this universe is proceeding on a dissolute course,
My confidants have turned into magicians.(34)

They are revelling in reviving the dead,
And are annihilating the loving ones.(35)

They are transforming fire into water,
And then extinguish water with fire.(36)

ਜੋ ਕੁਝ ਉਹ ਚਾਹੁੰਦੇ ਹਨ, ਉਹੀ ਕਰਦੇ ਹਨ,
ਉਹ ਸਭ ਕੁਝ ਸਾਮਾਨ ਉਤੇ ਜਾਦੂ ਕਰਨ ਵਾਲੇ ਹਨ।(37)

ਉਨ੍ਹਾਂ ਦੇ ਰਾਹ ਨੂੰ ਮੇਰੀ ਵਲ ਮੋੜ,
ਤਾਂ ਜੋ ਉਹ ਮੇਰੇ ਬਚਨ ਗ੍ਰਹਿਣ ਕਰ ਸਕਣ।(38)

ਬਿਨਾਂ ਮੇਰੇ ਸਿਮਰਨ ਦੇ ਉਹ ਕਿਸੇ ਜਾਦੂ ਵਲ ਨਹੀਂ ਜਾਣ,
ਬਿਨਾਂ ਮੇਰੇ ਦਰਵਾਜ਼ੇ ਦੇ ਉਹ ਕਿਸੇ ਹੋਰ ਪਾਸੇ ਨਹੀਂ ਜਾਣ । (39)

ਕਿਉਂ ਜੋ ਉਹ ਨਰਕਾਂ ਤੋਂ ਛੁੱਟ ਗਏ ਹਨ,
ਨਹੀਂ ਤਾਂ ਉਹ ਹੱਥੀ ਬੱਧੀ ਕਿਸੇ ਹੋਰ ਪਾਸੇ ਜਾਣਗੇ । (40)

ਇਹ ਸਾਰਾ ਜਹਾਨ, ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ,
ਸੱਦਾ ਦੇ ਰਿਹਾ ਹੈ ਸਾਰਾ ਸੰਸਾਰ ਜ਼ੁਲਮ ਕਰ ਰਿਹਾ ਹੈ।(41)

ਮੇਰੇ ਕਾਰਣ ਉਹ ਗ਼ਮੀ ਅਤੇ ਖੁਸ਼ੀ ਨਹੀਂ ਜਾਣਦੇ,
ਮੇਰੇ ਬਿਨਾਂ ਉਹ ਸਾਰੇ ਹੈਰਾਨ ਪਰੇਸ਼ਾਨ ਹਨ।(42)

They proceed the way they desire,
And entangle all the belongings with their magic.(37)

You go, and turn their paths towards me,
So that they can adopt my sermons.(38)

They may not turn towards any magic instead of remembering me,
And except my portal they may not go to any other side.(39)

As this way they are saved from the hell,
Otherwise, with tied hands, they fall flat.(40)

From one end to the other, the whole world,
Is wailing and revelling in cruelty.(41)

Due to me, they don't distinguish between good and bad,
And without me, they all are in predicament.(42)

ਉਹ ਇਕੱਤ੍ਰ ਹੁੰਦੇ ਹਨ,ਅਤੇ ਤਾਰਿਆਂ ਤੋਂ,
ਹਰਖ਼ ਸੋਗ ਦੇ ਦਿਨ ਗਿਣਦੇ ਹਨ।(43)

ਉਹ ਫਿਰ ਮੰਦੇ ਭਾਗਾਂ ਨੂੰ ਪਤਰੀ ਵਿਚ ਲਿਖਦੇ ਹਨ,
ਉਹ ਫਿਰ ਕਦੀ ਪਹਿਲਾਂ ਤੇ ਕਦੀ ਪਿਛੋਂ ਅਜੇਹਾ ਕਹਿੰਦੇ ਹਨ।(44)

ਉਹ ਰੱਬ ਦੇ ਸਿਮਰਨ ਵਿਚ ਸਥਿਰ ਅਤੇ ਪਰਪੱਕ ਨਹੀਂ,
ਉਨ੍ਹਾਂ ਸਭ ਦੀ ਗੱਲ ਬਾਤ ਬੇਹਾਲਾਂ ਵਾਲੀ ਹੁੰਦੀ ਹੈ।(45)

ਉਨ੍ਹਾਂ ਸਭਨਾਂ ਦਾ ਮੂੰਹ ਮੇਰੇ ਵਲ ਭਵਾ ਦੇ,
ਤਾਂ ਜੋ ਮੇਰੇ ਸਿਮਰਨ ਤੋਂ ਬਿਨਾਂ ਹੋਰ ਕਿਸੇ ਨੂੰ ਮਿਤ੍ਰ ਨਾ ਸਮਝਣ।(46)

ਤਾਂ ਕਿ ਮੈਂ ਉਨ੍ਹਾਂ ਦੇ ਕੰਮ (ਜੀਵਨ ਵਿਹਾਰ) ਠੀਕ ਕਰ ਦਿਆਂ,
ਅਤੇ ਉਨ੍ਹਾਂ ਦੀ ਮਨੋ ਬਿਰਤੀ (ਧਰਮ ਦੀ) ਲੋ ਨਾਲ ਸੰਵਾਰ ਦਿਆਂ।(47)

ਮੈਂ ਤੈਨੂੰ ਇਸ ਲਈ ਪੈਦਾ ਕੀਤਾ ਹੈ,
ਤਾਂ ਜੋ ਤੂੰ ਸਾਰੇ ਜਹਾਨ ਨੂੰ ਰਾਹ ਵਿਖਾਉਣ ਵਾਲਾ ਬਣ ਜਾਵੇਂ।(48)

They get together and, with the stars,
They count their joys and sorrows.(43)

Unfortunately they write their good and bad fate in their horoscopes,
And, at the end, sooner or later, they pronounce,(44)

They are not solemn and stable in divine rememberance
And their conversation becomes distressing.(45)

Divert all their intentions towards me,
So that. except remembering me, they befriend none else,(46)

So that I may let them run their life missions smoothly,
And reform their righteousness through my resplendence.(47)

I have manifested you,
So that you may become the kindly light for the whole universe.(48)

ਉਨਾਂ ਦੇ ਹਿਰਦਿਆਂ ਵਿਚੋਂ ਦੂਈ ਦਾ ਮੋਹ ਕੱਢ ਦੇ,
ਉਨਾਂ ਸਾਰਿਆਂ ਨੂੰ ਸੱਚਾ ਮਾਰਗ ਵਿਖਾ ਦੇ।(49)

ਪਾਤਸ਼ਾਹ(ਨਾਨਕ)ਨੇ ਕਿਹਾ, ਮੈ ਇਸ ਦੇ ਕੀ ਲਾਇਕ ਹਾਂ,
ਕਿ ਸਭਨਾਂ ਦੇ ਦਿਲਾਂ ਨੂੰ ਸਿੱਧੇ ਪਾਸੇ ਮੌੜ ਦਿਆਂ।(50)

ਮੈਂ ਕਿਥੇ ਤੇ ਅਜਿਹਾ ਕਮਾਲ ਕਿਥੇ?
ਮੈਂ ਨਿਗੁਨਾ ਕਿਥੇ ਅਤੇ ਤੇਰੇ(ਰੱਬ ਦੇ) ਸਰੂਪ ਦੀ ਸ਼ਾਨ ਸ਼ੌਕਤ ਕਿਤੇ?(51)

ਪਰੰਤੂ ਤੇਰਾ ਹੁਕਮ ਸਿਰ ਮੱਥੇ ਤੇ ਹੈ,
ਮੈਂ ਇਕ ਛਿਨ ਪਲ ਲਈ ਵੀ ਉਸ ਤੋਂ ਗ਼ਾਫ਼ਲ ਨਹੀਂ ਰਹਾਂਗਾ।(52)

ਤੂੰ ਹੀ ਸਭ ਦਾ ਰਾਹ ਵਿਖਾਉਂ ਅਤੇ ਹਾਦੀ ਹੈਂ,
ਤੂੰ ਹੀ ਰਾਹ ਵਖਾਉਣ ਵਾਲਾ ਹੈਂ ਅਤੇ ਸਭ ਦੇ ਦਿਲਾਂ ਨੂੰ (ਆਪਣੀ ਵਲ)
ਮੋੜਣ ਵਾਲਾ ਹੈਂ(53)

ਦੂਜੀ ਪਾਤਸ਼ਾਹੀ
(ਵਾਰਤਕ)
ਵਾਹਿਗੁਰੂ ਜੀਓ ਸਤ ਵਾਹਿਗੁਰੂ ਜੀਓ ਹਾਜ਼ਰ ਨਾਜ਼ਰ

Eradicate their affection towards duality,
And show them all the virtuous course.'(49)

The true preceptor responded, 'How am I worthy,
That I may motivate all the hearts towards righteousness?(50)

What am I and how lofty is the aim?
Me, just a humble person, and there, you are in all the glory.(51)

But still your command is my honour,
And I will never be neglectful; not for moment even.(52)

You are enlightener and great teacher,
You show the righteous path and direct all the minds.'(53)

Second Guru - Guru Angad Dev Jee
(In Prose.54)
The Almighty is Truth
The Almighty is Omnipresent

ਗੁਰੂ ਅੰਗਦ ਹੈ ਉਹ ਜੋ ਦੋਹਾਂ ਜਹਾਨਾਂ ਦਾ ਮੁਰਸ਼ਦ ਹੈ,
ਓਂਕਾਰ ਦੀ ਬਖਸ਼ਿਸ਼ ਨਾਲ ਉਹ ਗੁਨਹਿਗਾਰਾਂ ਲਈ ਰਹਿਮਤ ਹੈ।(55)

ਦੋ ਜਹਾਨ ਤਾਂ ਕੀ, ਉਸ ਦੀਆਂ ਬਖਸ਼ਿਸ਼ਾਂ ਨਾਲ
ਲਖਾਂ ਜਹਾਨ ਹੀ ਸਫਲ ਹੁੰਦੇ ਹਨ।(56)

ਉਸ ਦਾ ਸਰੀਰ ਬਖ਼ਸ਼ਿੰਦ ਰੱਬ ਦੀ ਮਿਹਰ ਦਾ ਭੰਡਾਰ ਹੈ,
ਉਹ ਰੱਬ ਤੋਂ ਹੀ ਆਇਆ ਅਤੇ ਰੱਬ ਵਿਚ ਸਮਾ ਜਾਂਦਾ ਹੈ।(57)

ਉਹ ਸਦਾ ਜ਼ਾਹਰਾ ਵੀ ਤੇ ਗੁਪਤ ਵੀ ਪਰਗਟ ਹੈ,
ਉਹ ਸਦਾ ਅੰਦਰ ਬਾਹਰ ਸਭ ਥਾਂ ਮੌਜੂਦ ਹੈ।(58)

ਉਸ ਦੀ ਸਿਫਤ ਕਰਨ ਵਾਲਾ ਰੱਬ ਸੱਚੇ ਦੀ ਸਿਫਤ ਕਰਨ ਵਾਲਾ ਹੈ,
ਉਸ ਦੀ ਜ਼ਾਤ ਦੇਵਤਿਆਂ ਦੀ ਪੁਸਤਕ ਦਾ ਇਕ ਵਰਕਾ ਹੈ।(59)

ਉਸ ਦੀ ਸਿਫਤ ਸਨਾ ਦੋਹਾਂ ਜਹਾਨਾਂ ਦੀ ਜ਼ਬਾਨ ਵੀ ਨਹੀਂ ਕਰ ਸਕਦੀ,
ਉਸ ਦੇ ਸਾਮ੍ਹਣੇ ਆਤਮਾ ਦਾ ਵੇਹੜਾ ਵੀ ਤੰਗ ਹੈ।(60)

Guru Angad is the one who is the preceptor of both the worlds.
Through the grace of One Supreme Being, he is benevolent to the sinful ones.(55)

Not to talk of two domains, through his kindness,
Thousands of other domains are flourishing.(56)

His manifestation is the magnanimity of the
Almighty,
He descends from the Almighty and then blends into the Almighty.(57)

He is manifested in both, apparent and obscure,
And he ever prevails both internally and externally.(58)

One, who exalts him, is the true admirer of the Almighty,
As his being comes straight from the celestial book.(59)

His celestial appreciation cannot be done even by both the worlds,
And for his demeanour even the celestial extent is not enough.(60)

ਇਸ ਲਈ ਚੰਗਾ ਇਹੀ ਹੈ ਕਿ ਅਸੀਂ ਉਸ ਦੀ ਵਡਿਆਈ ਤੋਂ ਉਸ ਦੀ ਬ਼ਖ਼ਸ਼ਿਸ਼
ਅਤੇ ਉਸ ਦੀ ਮਿਹਰ ਅਤੇ ਸਖ਼ਾਵਤ ਤੋਂ ਰੱਬ ਦਾ ਹੁਕਮ ਪਰਾਪਤ ਕਰੀਏ।(61)

ਸਾਡਾ ਸਿਰ ਸਦਾ ਉਸ ਦੇ ਚਰਨਾਂ ਤੇ ਰਹੇ;
ਸਾਡਾ ਦਿਲ ਅਤੇ ਜਾਨ ਉਸ ਤੋਂ ਕੁਰਬਾਨ ਹੁੰਦਾ ਰਹੇ।(62)

ਤੀਜੀ ਪਾਤਸ਼ਾਹੀ
(ਵਾਰਤਕ - 63)
ਵਾਹਿਗੁਰੂ ਜੀਓ ਸਤ ਵਾਹਿਗੁਰੂ ਜੀਓ ਹਾਜ਼ਰ ਨਾਜ਼ਰ

ਗੁਰੂ ਅਮਰਦਾਸ ਉਸ ਮਹਾਨ ਘਰਾਣੇ ਵਿਚੋਂ ਹੈ,
ਜਿਸ ਦੀ ਹਸਤੀ ਨੂੰ ਰੱਬ ਦੇ ਫ਼ਜ਼ਲ ਅਤੇ ਕਰਮ ਤੋਂ ਸਮਿਗ੍ਰੀ ਮਿਲੀ ਹੈ।(64)

ਸਿਫਤ ਸ਼ਲਾਘਾ ਕਰਕੇ ਉਹ ਸਭ ਤੋਂ ਉਚੇਰਾ ਹੈ,
ਉਹ ਰੱਬ ਸੱਚ ਦੇ ਆਸਨ ਤੇ ਚੌਕੜੀ ਮਾਰੀ ਬੈਠਾ ਹੈ।(65)

ਉਸ ਦੇ ਬਚਨਾਂ ਦੇ ਨੂਰ ਨਾਲ ਇਹ ਸੰਸਾਰ ਜਗਮਗਾ ਰਿਹਾ ਹੈ,
ਅਤੇ ਉਸ ਦੇ ਇਨਸਾਫ਼ ਨਾਲ ਇਹ ਧਰਤੀ ਅਤੇ ਦੁਨੀਆਂ ਬਾਗ ਬਣਿਆ ਹੋਇਆ ਹੈ।(66)

It is, therefore, better if, through his magnanimity,
We gain his generosity and through that earn his command.(61)

Our head may always pay obeisance at his feet,
And both, our body and our mind, sacrifice themselves for him.(62)

Third Guru - Guru Amar Das Jee
(In Prose.63)
The Almighty is the Truth
The Almighty is Omnipresent

Lineage of Guru Amar Das is pre-eminent,
and has been blessed with the boon of grace and benevolence.(64)

In view of the acclaims and honours, he is the loftierst of all,
As he has occupied the celestially resolute seat.(65)

Through his expositions, this world is radiating,
And through his justice the earth and the world are turned into a celestial garden.(66)

ਅੱਸੀ ਹਜ਼ਾਰ ਲੋਕਾਈ ਤਾਂ ਕੀ, ਦੋਵੇਂ ਜਹਾਨ ਹੀ ਉਸ ਦੇ ਗੁਲਾਮ ਹਨ,
ਉਸ ਦੀ ਵਡਿਆਈ ਅਤੇ ਮਿਹਰ ਗਿਣਤੀ ਤੋਂ ਬਾਹਰ ਹੈ।(67)

ਚੌਥੀ ਪਾਤਸ਼ਾਹੀ
(ਵਾਰਤਕ)
ਵਾਹਿਗੁਰੂ ਜੀਓ ਸਤ ਵਾਹਿਗੁਰੂ ਜੀਓ ਹਾਜ਼ਰ ਨਾਜ਼ਰ

ਗੁਰੂ ਰਾਮਦਾਸ,ਜਿਹੜਾ ਸਾਰੀ ਲੋਕਾਈ ਦੀ ਪੂੰਜੀ ਹੈ,
ਅਤੇ ਸਿਦਕ ਸਫਾਈ ਦੇ ਰਾਜ ਦਾ ਰਖਵਾਲਾ ਹੈ।(69)

ਉਸ ਵਿਚ ਰਾਜ ਅਤੇ ਜੋਗ ਦੋਨਾਂ ਦੇ ਚਿੰਨ੍ਹ ਹਨ,
ਉਹ ਤਾਜ ਵਾਲਿਆਂ (ਬਾਦਸ਼ਾਹਾਂ) ਦਾ ਭੀ ਤਾਜਦਾਰ (ਬਾਦਸ਼ਾਹ)ਹੈ।(70)

ਉਸ ਦੀ ਉਸਤਤ ਕਰਨ ਤੋਂ ਤਿਨਾਂ ਲੋਕਾਂ ਦੀ ਜੀਭਾ ਅਸਮਰਥ ਹੈ,
ਉਸ ਦੇ ਬਚਨਾਂ ਤੋਂ ਚੌਹਾਂ ਵੇਦਾਂ ਅਤੇ ਛੇ ਸ਼ਸ਼ਤਰਾਂ ਦੇ ਮੋਤੀ ਕਿਰਦੇ ਹਨ।(71)

ਰੱਬ ਨੇ ਉਸ ਨੂੰ ਆਪਣੇ ਖਾਸ ਨਿਕਟ-ਵਰਤੀਆਂ ਵਿਚੋਂ ਚੁਣਿਆ ਹੈ,
ਅਤੇ ਉਸ ਆਪਣੀਆਂ ਨਿਜੀ ਪਵਿਤਰ ਰੂਹਾਂ ਤੋਂ ਵੀ ਉੱਚਿਆ ਕੀਤਾ ਹੈ।(72)

Not just thousands of us, even both the domains have become his slaves,
As his magnanimity and kindness are beyond description.(67)

Fourth Guru - Guru Ram Das Jee
The Almighty is the Truth
The Almighty is Omnipresent

Guru Ram Das, is a treasure for the whole humanity,
and is the protector of truthful domain,(69)

He embraces both, the temporal and the celestial, emblems.
He is the emperor of the ones who support the crowns.(70)

To enumerate his honours, the inhabitants of all the three domains feel humble.
From his eloquence, the pearls of four Vedas and six Shastras pour out.(71)

The Almighty has chosen him out of his prominent confederates,
And has elevated his honour much higher than his other pious souls.(72)

ਕੀ ਵੱਡੇ ਅਤੇ ਕੀ ਛੋਟੇ, ਕੀ ਬਾਦਸ਼ਾਹ ਅਤੇ ਕੀ ਫਕੀਰ ,
ਸਾਰੇ ਹੀ ਸੱਚੇ ਦਿਲ ਨਾਲ ਉਸ ਨੂੰ ਮੱਥਾ ਟੇਕਣ ਵਾਲੇ ਹਨ।(73)

ਪੰਜਵੀਂ ਪਾਤਸ਼ਾਹੀ
(ਵਾਰਤਕ - 74)
ਵਾਹਿਗੁਰੂ ਜੀਓ ਸਤ ਵਾਹਿਗੁਰੂ ਜੀਓ ਹਾਜ਼ਰ ਨਾਜ਼ਰ

ਗੁਰੂ ਅਰਜਨ ਬਖ਼ਸ਼ਿਸ਼ ਅਤੇ ਵਡਿਆਈ ਦਾ ਰੂਪ ਹੈ,
ਰਬੀ ਸ਼ਾਨ ਦੀ ਅਸਲੀਅਤ ਦਾ ਢੂੰਡਣਹਾਰਾ ਹੈ।(75)

ਉਸ ਦਾ ਵਜੂਦ ਸਾਰਾ ਰੱਬ ਦੀ ਰਹਿਮਤ ਦਾ ਝਲਕਾਰਾ ਹੈ,
ਅਤੇ ਸਦੀਵੀ ਨੇਕ ਗੁਣਾਂ ਨੂੰ ਵਧਾਉਣ ਵਾਲਾ ਹੈ।(76)

ਦੋ ਜਹਾਨ ਕੀ,ਲਖਾਂ ਹੀ ਉਸ ਦੇ ਮੁਰੀਦ ਹਨ,
ਸਾਰੇ ਹੀ ਉਸ ਦੀ ਮਿਹਰ ਦੇ ਅੰਮ੍ਰਿਤ ਰੂਪੀ ਘੁੱਟ ਪੀਣ ਵਾਲੇ ਹਨ।(77)

ਰੱਬੀ ਵਿਚਾਰ ਵਾਲੀ ਬਾਣੀ ਉਸੇ ਤੋਂ ਉਤਰਦੀ ਹੈ,
ਸਿਦਕ ਭਰੋਸੇ ਵਾਲੇ ਗਿਆਨ ਭਰਪੂਰ ਲੇਖ ਭੀ ਉਸੇ ਦੇ ਹੀ ਹਨ।(78)

Not to talk of high and low and the sovereigns and the mendicants,
All pay their obeisance to him from the core of their hearts.(73)

Fifth Guru - Guru Arjan Dev Jee
(In Prose.74)
The Almighty is the Truth
The Almighty is Omnipresent

Guru Arjan is the embodiment of benevolence and compassion,
And he is the searcher of the reality of the celestial superiority.(75)

His semblance renders the glimpse of divine benevolence,
And he is the enhancer of the immortal traits.(76)

Not to talk of two domains, thousands are his votaries,
And all of them relish the nectar of his benevolence.(77)

The celestial verses radiate through him,
And all the enlightening discourses as well pertain to him.(78)

ਰੱਬੀ ਗਿਆਨ ਗੋਸਟ ਨੂੰ ਉਸੇ ਤੋਂ ਚਮਕ ਦਮਕ ਪਰਾਪਤ ਹੈ,
ਰੱਬੀ ਹੁਸਨ ਨੂੰ ਉਸੇ ਤੋਂ ਨਿਖਾਰ ਅਤੇ ਖੇੜਾ ਆਉਂਦਾ ਹੈ।(79)

ਛੇਵੀਂ ਪਾਤਸ਼ਾਹੀ
(ਵਾਰਤਕ - 80)
ਵਾਹਿਗੁਰੂ ਜੀਓ ਸਤ ਵਾਹਿਗੁਰੂ ਜੀਓ ਹਾਜ਼ਰ ਨਾਜ਼ਰ

ਗੁਰੂ ਹਰਿ ਗੋਬਿੰਦ, ਬਖਸ਼ਿਸ਼ ਦਾ ਰੂਪ ਸੀ,
ਜਿਸ ਸਦਕਾ ਮੰਦ ਭਾਗੀ ਅਤੇ ਮੁਰਝਾਏ ਹੋਏ ਲੋਕ ਵੀ (ਦਰਗਾਹੇ) ਪਰਵਾਨ ਹੋ ਗਏ।(81)

ਉਸ ਦੀ ਬਖਸ਼ਿਸ਼ ਅਤੇ ਮਿਹਰ ਪੱਥਰ ਗੀਟਿਆਂ ਨਾਲੋਂ ਵੀ ਵਧੇਰੇ (ਬੇਹਿਸਾਬ) ਹੈ,
ਉਸ ਦੀ ਸ਼ਾਨ ਸ਼ੌਕਤ ਰੱਬ ਦੀ ਸ਼ਾਨ ਸ਼ੌਕਤ ਹੈ।(82)

ਉਸ ਦਾ ਵਜੂਦ ਰੱਬ ਦੀਆਂ ਰਹਿਮਤਾਂ ਦਾ ਰੂਪ ਹੈ,
ਉਹ ਰੱਬ ਦੇ ਦੂਜੇ ਵਿਸ਼ੇਸ਼ ਨਿਕਟ-ਵਰਤੀਆਂ ਤੋਂ ਬਹੁਤ ਅਗੇਰੇ ਹੈ।(83)

ਉਹ ਦਰਵੇਸ਼ੀ ਅਤੇ ਬਾਦਸ਼ਾਹੀ ਦੋਹਾਂ ਕਰਕੇ ਪ੍ਰਸਿਧ ਹੈ,
ਸਾਰੇ ਛੋਟੇ ਵੱਡੇ ਉਸ ਦੇ ਹੁਕਮ ਵਿਚ ਹਨ।(84)

Through him come the godly sermons,
And the celestial grace attains its resplendence.(79)

Sixth Guru - Guru Hargobind Sahib
(In Prose.80)
The Almighty is the Truth
The Almighty is Omnipresent

Guru Hargobind was the embodiment of benevolence,
Through whom the unfortunate and withered ones got emancipation.(81)

The number of his benefactions is much greater than all the pebbles,
And his resplendence is the brilliance of the Almighty.(82)

His entity epitomises the godly compassion,
And he is far ahead of all the divine adherents.(83)

He is renowned through his saintliness as well as regality,
And all, high and low, remain under his obligation.(84)

ਉਸ ਦੇ ਨੂਰ ਨਾਲ ਦੋਵੇਂ ਜਹਾਨ ਰੋਸ਼ਨ ਹਨ,
ਉਸ ਦੇ ਦਰਸ਼ਨਾਂ ਦੀ ਮਿਹਰ ਦੇ ਸਾਰੇ ਪਿਆਸੇ ਹਨ॥(85)

ਸਤਵੀਂ ਪਾਤਸ਼ਾਹੀ
(ਵਾਰਤਕ - 86)
ਵਾਹਿਗੁਰੂ ਜੀਓ ਸਤ ਵਾਹਿਗੁਰੂ ਜੀਓ ਹਾਜ਼ਰ ਨਾਜ਼ਰ

ਗੁਰੂ ਕਰਤਾ ਹਰਿ ਰਾਇ ਸੱਚ ਦੇ ਪਾਲਣਹਾਰਾ ਵੀ ਹੈ ਅਤੇ ਸੱਚ ਦਾ ਧਾਰਨੀ ਵੀ ਹੈ,
ਗੁਰੂ ਕਰਤਾ ਹਰਿ ਰਾਇ ਸੁਲਤਾਨ ਵੀ ਹੈ ਅਤੇ ਦਰਵੇਸ਼ ਵੀ ਹੈ ।(87)

ਗੁਰੂ ਕਰਤਾ ਹਰਿ ਰਾਇ ਦੋਹਾਂ ਜਹਾਨਾਂ ਦਾ ਬਖ਼ਸ਼ਿਸ਼ ਕਰਨ ਵਾਲਾ ਹੈ,
ਗੁਰੂ ਕਰਤਾ ਹਰਿ ਰਾਇ ਲੋਕ ਪਰਲੋਕ ਦੋਹਾਂ ਜਹਾਨਾਂ ਦਾ ਸਰਦਾਰ ਹੈ।(88)

ਰੱਬ ਗੁਰੂ ਕਰਤਾ ਹਰਿ ਰਾਇ ਦੀਆਂ ਬਖਸ਼ਿਸ਼ਾਂ ਦੀ ਸਿਫਤ ਕਰਨ ਵਾਲਾ ਹੈ,
ਸਾਰੇ ਖਾਸ ਲੋਕ ਗੁਰੂ ਕਰਤਾ ਹਰਿ ਰਾਇ ਕਰ ਕੇ ਸਫਲ ਹੁੰਦੇ ਹਨ।(89)

ਗੁਰੂ ਕਰਤਾ ਹਰਿ ਰਾਇ ਦੀ ਬਾਣੀ ਸੱਚ ਦੀ ਪਾਤਸ਼ਾਹ ਹੈ,
ਗੁਰੂ ਕਰਤਾ ਹਰਿ ਰਾਇ ਨੌਂ ਤਬਕਾਂ (ਆਸਮਾਨਾਂ)ਨੂੰ ਹੁਕਮ ਦੇਣ ਵਾਲਾ ਹੈ।(90)

Both the domains are resplendent through his radiance,
And everybody is longing for the benefaction of his glimpse.(85)

Seventh Guru - Guru Har Rai Jee
(In Prose. 86)
The Almighty is the Truth
The Almighty is Omnipresent

Guru Har Rai nourishes truth, and adheres to veracity,
And Guru Har Rai is a sovereign as well as a preceptor.(87)

Guru Har Rai is benevolent to both the worlds,
And Guru Har Rai is the forerunner of the lives heretofore and hereafter.(88)

The Creator gratifies in applauding the generosities of Guru Har Rai,
And all the humanity succeeds in its ventures due to Guru Har Rai.(89)

Guru Har Rai's expositions are the sovereignty of truthfulness,
And Guru Har Rai articulates commands to all the heavens.(90)

ਗੁਰੂ ਕਰਤਾ ਹਰਿ ਰਾਇ ਬਾਗ਼ੀਆਂ ਤੇ ਸਿਰ-ਫਿਰਿਆਂ ਦਾ ਸਿਰ ਕਲਮ ਕਰਨ ਵਾਲਾ ਹੈ,
ਗੁਰੂ ਕਰਤਾ ਹਰਿ ਰਾਇ ਕਮਜ਼ੋਰਾਂ ਅਤੇ ਨਿਆਸਰਿਆਂ ਦਾ ਯਾਰ ਅਤੇ ਆਸਰਾ ਹੈ।(91)

ਅਠਵੀਂ ਪਾਤਸ਼ਾਹੀ
(ਵਾਰਤਕ - 92)
ਵਾਹਿਗੁਰੂ ਜੀਓ ਸਤ ਵਾਹਿਗੁਰੂ ਜੀਓ ਹਾਜ਼ਰ ਨਾਜ਼ਰ

ਗੁਰੂ ਹਰਿ ਕਿਸ਼ਨ ਮਿਹਰ ਅਤੇ ਬਖ਼ਸ਼ਿਸ਼ ਦਾ ਰੂਪ ਹੈ,
ਰੱਬ ਦਾ ਆਪਣੇ ਸਾਰੇ ਖਾਸ ਨਿਕਟ ਵਰਤੀਆਂ ਵਿਚੋਂ ਸਭ ਤੋਂ ਵੱਧ ਸਲਾਹਿਆ ਹੋਇਆ ਹੈ।(93)

ਰੱਬ ਦੇ ਅਤੇ ਉਸ ਦੇ ਵਿਚਕਾਰ ਕੇਵਲ ਇਕ ਪੱਤੇ ਦਾ ਪਰਦਾ ਹੈ,
ਉਸ ਦੀ ਹੋਂਦ ਸਾਰੀ ਦੀ ਸਾਰੀ ਰੱਬ ਦੀਆਂ ਮਿਹਰਾਂ ਬਖ਼ਸ਼ਸ਼ਾਂ ਹਨ।(94)

ਸਾਰੇ ਹੀ ਉਸ ਦੀਆਂ ਪਾਲਣਹਾਰ ਰੱਬੀ ਮਿਹਰਾਂ ਦੇ ਸਵਾਲੀ ਹਨ,
ਧਰਤੀ ਅਤੇ ਜ਼ਮਾਨਾ ਸਭ ਉਸ ਦੇ ਹੁਕਮਾਂ ਨੂੰ ਪਾਲਣ ਵਾਲੇ ਹਨ।(95)

ਉਸੇ ਦੀ ਮਿਹਰ ਕਰ ਕੇ ਦੋਵੇਂ ਜਹਾਨ ਸਫਲ ਹੁੰਦੇ ਹਨ
ਉਸ ਦੀ ਮਿਹਰ ਕਰਕੇ ਹਰ ਕਿਣਕੇ ਵਿਚ ਸੂਰਜ ਦੀ ਚਮਕ ਆ ਜਾਂਦੀ ਹੈ।(96)

Guru Har Rai is the annihilator of the rebellious and the arrogant,
But Guru Har Rai is the benefactor and the shelter of the weak and the destitute.(91)

Eighth Guru - Guru Har Kishan Jee
(In Prose. 92)
The Almighty is the Truth
The Almighty is Omnipresent

Guru Har Kishan is the manifestation of kindness and benevolence,
And, he is the most admired of God's nearest adherents.(93)

The separating distance between him and the Almighty is just as much as the thickness of a leaf.
All of his entity is due to the divine compassion.(94)

All are the seekers of his celestially sustaining kindness,
And the earth and the time, all carryout on his orders.(95)

Both the worlds succeed under his generosity,
And due to his goodwill, even an iota attains sun-like splendour.(96)

ਸਾਰਿਆਂ ਖਾਸ ਪਿਆਰਿਆਂ ਲਈ ਉਸ ਦੀ ਰੱਖਿਆ ਵੱਡੀ ਨਿਆਮਤ ਹੈ,
ਪਾਤਾਲ ਤੋਂ ਲੈ ਕੇ ਆਸਮਾਨ ਤੱਕ ਸਾਰੇ ਹੀ ਉਸ ਦੇ ਆਗਿਆਕਾਰ
ਹਨ।(97)

ਨੌਵੀਂ ਪਾਤਸ਼ਾਹੀ
(ਵਾਰਤਕ - 98)
ਵਾਹਿਗੁਰੂ ਜੀਓ ਸਤ ਵਾਹਿਗੁਰੂ ਜੀਓ ਹਾਜ਼ਰ ਨਾਜ਼ਰ

ਗੁਰੂ ਤੇਗ ਬਹਾਦਰ ਸਿਰ ਤੋਂ ਪੈਰਾਂ ਤਕ
ਵਡਿਆਂਈਆਂ ਤੇ ਉੱਚਾਈਆਂ ਦਾ ਖ਼ਜ਼ਾਨਾ ਹੈ,
ਅਤੇ ਉਹ ਰੱਬ ਦੀ ਸ਼ਾਨੋ ਸ਼ੌਕਤ ਦੀ ਮਹਿਫ਼ਲ ਦੀ ਰੌਨਕ ਵਧਾਉਣ ਵਾਲਾ ਹੈ .
(99)

ਸੱਚ ਦੀਆਂ ਕਿਰਨਾਂ ਉਸ ਦੇ ਪਵਿੱਤਰ ਵਜੂਦ ਸਦਕਾ ਰੌਸ਼ਨ ਹਨ,
ਦੋਵੇਂ ਜਹਾਨ ਉਸ ਦੀ ਮਿਹਰ ਦੀ ਬਖ਼ਸ਼ਸ਼ ਨਾਲ ਰੋਸ਼ਨ ਹਨ।(100)

ਰੱਬ ਨੇ ਸਾਰੇ ਚੋਣਵੇਂ ਪਤਵੰਤਿਆਂ ਵਿਚੋਂ ਉਸ ਨੂੰ ਚੁਣਿਆ,
ਉਸ ਨੇ ਉਸ ਦਾ ਭਾਣਾ ਮੰਨਣ ਨੂੰ ਸਭ ਤੋਂ ਚੰਗਾ ਅਨੁਭਵ ਕੀਤਾ।(101)

ਉਸ ਦਾ ਰੁਤਬਾ ਸਾਰਿਆਂ ਪਰਵਾਨ ਵੱਡਿਆਂ ਵਿਚ ਅਪਾਰ ਵੱਡਾ ਕੀਤਾ,
ਅਤੇ ਉਸ ਨੂੰ ਆਪਣੀ ਕਿਰਪਾ ਨਾਲ ਦੋਹਾਂ ਜਹਾਨਾਂ ਦਾ ਪੂਜਨੀਕ
ਬਣਾਇਆ।(102)

For all who adore him, his shelter is a blessing,
And all the beings, from heaven to earth, obey him.(97)

Ninth Guru - Guru Tegh Bahadur
(In Prose. 98)
The Almighty is the Truth
The Almighty is Omnipresent

Guru Tegh Bahadur is the epitome of the treasure of compliments and honours.
And he embellishes the godly court with splendour.(99)

The rays of truthfulness sparkle through his entity,
And both the domains are illuminated due to his kindness.(100)

From all his honourable ones, he designated him,
As he had acquiesced to his command as fait-accompli(101)

His honour among all the chosen ones is the highest,
And, through his generosity, he has denoted him as worship-worthy in both the worlds.(102)

ਸਭਨਾਂ ਦਾ ਹੱਥ ਉਸ ਦੀਆਂ ਬਖ਼ਸ਼ਿਸ਼ਾਂ ਦੇ ਪੱਲੇ ਤੇ ਹੈ,
ਉਸ ਦਾ ਸੱਚਾ ਬਲ ਗਿਆਨ ਦੇ ਨੂਰ ਤੋਂ ਉਚੇਰਾ ਹੈ।(103)

ਦਸਵੀਂ ਪਾਤਸ਼ਾਹੀ
(ਵਾਰਤਕ - 104)
ਵਾਹਿਗੁਰੂ ਜੀਓ ਸਤ ਵਾਹਿਗੁਰੂ ਜੀਓ ਹਾਜ਼ਰ ਨਾਜ਼ਰ

(ਗਰੀਬਾਂ ਦਾ ਰਾਖਾ) ਗੁਰੂ ਗੋਬਿੰਦ ਸਿੰਘ—ਰੱਬ ਦੀ ਰਖਿਆ ਵਿਚ ਗੁਰੂ ਗੋਬਿੰਦ ਸਿੰਘ-ਰੱਬ ਵਲੋਂ ਪਰਵਾਣ ਗੁਰੂ ਗੋਬਿੰਦ ਸਿੰਘ।(105)

ਗੁਰੂ ਗੋਬਿੰਦ ਸਿੰਘ ਸੱਚ ਦਾ ਖ਼ਜ਼ਾਨਾ ਹੈ,
ਗੁਰੂ ਗੋਬਿੰਦ ਸਿੰਘ ਸਮੂਹ ਨੂਰ ਦੀ ਮਿਹਰ ਹੈ(106)

ਗੁਰੂ ਗੋਬਿੰਦ ਸਿੰਘ ਸੱਚ ਦੇ ਜਾਨਣ ਹਾਰਿਆਂ ਲਈ ਸੱਚ ਹੈ,
ਗੁਰੂ ਗੋਬਿੰਦ ਸਿੰਘ ਬਾਦਸ਼ਾਹਾਂ ਦਾ ਬਾਦਸ਼ਾਹ ਹੈ।(107)

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਬਾਦਸ਼ਾਹ ਹੈ,
ਗੁਰੂ ਗੋਬਿੰਦ ਸਿੰਘ ਦੁਸਮ੍ਹਨ ਦੀ ਜਾਨ ਨੂੰ ਕਬਜ਼ ਕਰ ਲੈਣ ਵਾਲਾ ਹੈ।(108)

All have their attachment with his beneficence,
And his true strength emanates from the radiance of the celestial knowledge.(103)

Tenth Guru - Guru Gobind Singh Jee
(In Prose.104)
The Almighty is the Truth
The Almighty is Omnipresent

The defender and the protected is Guru Gobind Singh,
Embraced by the Almighty is Guru Gobind Singh.(105)

The godly treasure is Guru Gobind Singh,
Splendour of celestial kindness is Guru Gobind Singh.(106)

Guru Gobind Singh is the kindly light for the seekers of truth,
Guru Gobind Singh is the sovereign of the sovereigns.(107)

Guru Gobind Singh is the monarch of both the worlds.
Guru Gobind Singh is the annihilator of the enemies.(108)

ਗੁਰੂ ਗੋਬਿੰਦ ਸਿੰਘ ਰੱਬੀ ਨੂਰ ਦੀ ਬਖ਼ਸ਼ਿਸ਼ ਕਰਨ ਵਾਲਾ ਹੈ।
ਗੁਰੂ ਗੋਬਿੰਦ ਸਿੰਘ ਰੱਬੀ ਰਮਜ਼ਾਂ ਨੂੰ ਖੋਲਣ ਵਾਲਾ ਹੈ।(109)

ਗੁਰੂ ਗੋਬਿੰਦ ਸਿੰਘ ਪਰਦੇ ਵਿਚ ਲੁਕੀਆਂ ਗੱਲਾਂ ਦਾ ਗਿਆਨਵਾਨ ਹੈ,
ਗੁਰੂ ਗੋਬਿੰਦ ਸਿੰਘ ਬਖਸ਼ਿਸ਼ਾਂ ਵਰਸਾਉਣ ਵਾਲਾ ਬਦੱਲ ਹੈ।(110)

ਗੁਰੂ ਗੋਬਿੰਦ ਸਿੰਘ ਪਰਵਾਨ ਅਤੇ ਹਰ-ਮਨ-ਪਿਆਰਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਨਾਲ ਜੁੜਿਆ ਹੋਇਆ ਹੈ ਅਤੇ ਜੋੜਨ ਵਾਲਾ ਹੈ।(111)

ਗੁਰੂ ਗੋਬਿੰਦ ਸਿੰਘ ਜ਼ਮਾਨੇ ਨੂੰ ਜਾਨ ਬਖਸ਼ਣ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਦੀ ਮਿਹਰ ਦਾ ਸਮੁੰਦਰ ਹੈ।(112)

ਗੁਰੂ ਗੋਬਿੰਦ ਸਿੰਘ ਰੱਬ ਦਾ ਪਿਆਰਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਦਾ ਤਾਲਬ ਹੈ ਤੇ ਲੋਕਾਂ ਦਾ ਚਹੇਤਾ ਹੈ।(113)

ਗੁਰੂ ਗੋਬਿੰਦ ਸਿੰਘ ਤਲਵਾਰ ਦਾ ਧਨੀ ਹੈ,
ਗੁਰੂ ਗੋਬਿੰਦ ਸਿੰਘ ਜਾਨ ਅਤੇ ਦਿਲ ਲਈ ਅੰਮ੍ਰਿਤ ਹੈ।(114)

Guru Gobind Singh is the shower of divine light.
Guru Gobind Singh is unraveller of celestial secrets.(109)

Guru Gobind Singh discerns the obscured phenomena.
Guru Gobind Singh is the cloud of auspicious showers.(110)

Popularly accepted is Guru Gobind Singh.
Guru Gobind Singh is united with and is a means to unite men with the Almighty.(111)

Guru Gobind Singh is endower of existence to the world.
Guru Gobind Singh is the ocean of godly kindness.(112)

Guru Gobind Singh is cherished by the Almighty.
Guru Gobind Singh is in the divine quest and a favourite of the people.(113)

Guru Gobind Singh is an adept in swordsmanship.
Guru Gobind Singh is nectar for the life and the soul.(114)

ਗੁਰੂ ਗੋਬਿੰਦ ਸਿੰਘ ਤਾਜਾਂ ਦਾ ਮਾਲਕ ਹੈ,
ਗੁਰੂ ਗੋਬਿੰਦ ਸਿੰਘ ਰੱਬ ਦੇ ਸਾਏ ਦਾ ਪਰਛਾਵਾਂ ਹੈ।(115)

ਗੁਰੂ ਗੋਬਿੰਦ ਸਿੰਘ ਹਰ ਖਜ਼ਾਨੇ ਦਾ ਖਜ਼ਾਨਚੀ ਹੈ
ਗੁਰੂ ਗੋਬਿੰਦ ਸਿੰਘ ਹਰ ਦੁਖ ਦਰਦ ਨੂੰ ਦੂਰ ਕਰਨ ਵਾਲਾ ਹੈ।(116)

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਹਾਕਮ ਹੈ,
ਦੋਹਾਂ ਜਹਾਨਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ।(117)

ਰੱਬ ਆਪ ਗੁਰੂ ਗੋਬਿੰਦ ਸਿੰਘ ਦਾ ਢਾਡੀ ਹੈ,
ਗੁਰੂ ਗੋਬਿੰਦ ਸਿੰਘ ਸਰਵੋਤਮ ਗੁਣਾਂ ਦਾ ਧਾਰਨੀ ਹੈ।(118)

ਰੱਬ ਦੇ ਖਾਸ ਬੰਦੇ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਹਨ,
ਰੱਬ ਦੇ ਪਾਕ ਨਿਕਟਵਰਦੀ ਗੁਰੂ ਗੋਬਿੰਦ ਸਿੰਘ ਦੀ ਆਗਿਆ ਵਿਚ ਹਨ।(119)

ਰੱਬ ਦੇ ਪਰਵਾਨ ਬੰਦੇ ਗੁਰੂ ਗੋਬਿੰਦ ਸਿੰਘ ਦੇ ਸ਼ਲਾਘਾਕਾਰ ਹਨ,
ਜਾਨ ਅਤੇ ਦਿਲ ਲਈ ਗੁਰੂ ਗੋਬਿੰਦ ਸਿੰਘ (ਅਮਾਨ) ਬਖ਼ਸ਼ਣ ਵਾਲੇ ਹਨ।(120)

Guru Gobind Singh is the master of the crowns.
Guru Gobind Singh is the reflection of the celestial shadow.(115)

Guru Gobind Singh is the treasurer of all wealth.
Guru Gobind Singh decimates all agonies.(116)

Guru Gobind Singh is the sovereign of both the worlds.
In both the realms there is none as good as Guru Gobind Singh.(117)

The Almighty, himself, is the minstrel of Guru Gobind Singh.
Guru Gobind Singh manifests ideal traits.(118)

The prominent godly adherents pay obeisance at the feet of Guru Gobind Singh.
The divine followers remain under the command of Guru Gobind Singh.(119)

The celestially accepted ones applaud Guru Gobind Singh.
The mind and the body are divinely directed by Guru Gobind Singh.(120)

ਲਾਮਕਾਨ-ਅਨੰਤ ਗੁਰੂ ਗੋਬਿੰਦ ਸਿੰਘ ਦੇ ਚਰਨ ਚੁੰਮਦਾ ਹੈ,
ਦੋਹਾਂ ਜਹਾਨਾਂ ਤੇ ਗੁਰੂ ਗੋਬਿੰਦ ਸਿੰਘ ਦਾ ਨਗਾਰਾ ਵਜਦਾ ਹੈ।(121)

ਤਿੰਨੇ ਲੋਕ ਗੁਰੂ ਗੋਬਿੰਦ ਸਿੰਘ ਦੀ ਆਗਿਆ ਵਿਚ ਹਨ,
ਚਾਰੇ ਖਾਣੀਆਂ ਗੁਰੂ ਗੋਬਿੰਦ ਸਿੰਘ ਦੀਆਂ ਮੁਹਰਬੰਦ ਹਨ।(122)

ਸਾਰਾ ਜਹਾਨ ਗੁਰੂ ਗੋਬਿੰਦ ਸਿੰਘ ਦਾ ਗੁਲਾਮ ਹੈ,
ਗੁਰੂ ਗੋਬਿੰਦ ਸਿੰਘ ਦਾ ਜੋਸ਼ ਦੁਸ਼ਮਨਾਂ ਨੂੰ ਮਾਰ ਮੁਕਉਣ ਵਾਲਾ ਹੈ।(123)

ਗੁਰੂ ਗੋਬਿੰਦ ਸਿੰਘ ਦਿਲ ਦਾ ਸਾਫ਼ ਅਤੇ ਵੈਰ ਭਾਵ ਤੋਂ ਖਾਲੀ ਹੈ,
ਗੁਰੂ ਗੋਬਿੰਦ ਸਿੰਘ ਆਪ ਸੱਚ ਹੈ ਅਤੇ ਸੱਚ ਦਾ ਸ਼ੀਸ਼ਾ ਹੈ।(124)

ਗੁਰੂ ਗੋਬਿੰਦ ਸਿੰਘ ਸੱਚ ਦਾ ਸੱਚਾ ਅਨੁਭਵੀ ਹੈ,
ਦਰਵੇਸ਼ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਹੈ।(125)

ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਕਰਨ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਦੌਲਤਾਂ ਤੇ ਨਿਆਮਤਾਂ ਦੇਣ ਵਾਲਾ ਹੈ।(126)

The infinite one kisses the feet of Guru Gobind Singh.
Victory-drums of Guru Gobind Singh are beaten in both dominions.(121)

All the three realms are in obedience to Guru Gobind Singh.
All the four corners are under the supremacy of Guru Gobind Singh.(122)

The whole universe is a slave of Guru Gobind Singh.
The valour of Guru Gobind Singh is the eradicator of enemies.(123)

Guru Gobind Singh is plain-hearted and above malice.
Guru Gobind Singh is the truth and the mirror of truthfulness.(124)

The truthfulness of Guru Gobind Singh is pragmatic.
The pious Guru Gobind Singh is the sovereign.(125)

Guru Gobind Singh showers the benevolence,
Guru Gobind Singh endows the riches and the boons.(126)

Sri Satguru Jagjit Singh Ji Elibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਸਖੀਆਂ ਦੀ ਵੀ ਸਖੀ ਹੈ,
ਗੁਰੂ ਗੋਬਿੰਦ ਸਿੰਘ ਰਹਿਮ ਕਰਨ ਵਾਲਿਆਂ ਲਈ ਵੀ ਰਹਿਮ ਹੈ।(127)

ਗੁਰੂ ਗੋਬਿੰਦ ਸਿੰਘ ਨਿਆਮਤਾਂ ਦੇਣ ਵਾਲਿਆਂ ਨੂੰ ਵੀ ਨਿਆਮਤਾਂ ਬਖ਼ਸ਼ਦਾ ਹੈ,
ਗੁਰੂ ਗੋਬਿੰਦ ਸਿੰਘ ਅਨੁਭਵੀਆਂ ਦਾ ਵੀ ਅਨੁਭਵੀ ਹੈ।(128)

ਗੁਰੂ ਗੋਬਿੰਦ ਸਿੰਘ ਸਦੀਵੀ ਤੇ ਸਥਿਰ ਰਹਿਣ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਨੇਕ ਤੇ ਵਡੇ ਭਾਗਾਂ ਵਾਲਾ ਹੈ।(129)

ਗੁਰੂ ਗੋਬਿੰਦ ਸਿੰਘ ਸਰਬਸ਼ਕਤੀ ਮਾਨ ਵਾਹਿਗੁਰੂ ਦੀ ਮਿਹਰ ਹੈ,
ਗੁਰੂ ਗੋਬਿੰਦ ਸਿੰਘ ਰੱਬ ਦੇ ਨੂਰ ਦੀ ਕਿਰਨਾਂ ਭਰੀ ਰੌਸ਼ਨੀ ਹੈ।(130)

ਗੁਰੂ ਗੋਬਿੰਦ ਸਿੰਘ ਦਾ ਨਾਮ ਸੁਣਨ ਵਾਲੇ,
ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ਿਸ਼ ਨਾਲ ਰੱਬ ਨੂੰ ਵੇਖਣ ਵਾਲੇ ਹੋ ਜਾਂਦੇ ਹਨ।(131)

ਗੁਰੂ ਗੋਬਿੰਦ ਸਿੰਘ ਦੀ ਜ਼ਾਤ ਦੀ ਸਿਫ਼ਤ ਸ਼ਲਾਘਾ ਕਰਨ ਵਾਲੇ,
ਗੁਰੂ ਗੋਬਿੰਦ ਸਿੰਘ ਦੀਆਂ ਬਰਕਤਾਂ ਅਤੇ ਬਖ਼ਸ਼ਿਸ਼ਾਂ ਨੂੰ ਪ੍ਰਾਪਤ ਕਰ ਲੈਂਦੇ ਹਨ।(132)

Guru Gobind Singh is the most charitable.
Guru Gobind Singh is kind to kind-hearted ones.(127)

Guru Gobind Singh endows boons to the endowers of blessings.
Guru Gobind Singh is the most sensitive observer.(128)

Guru Gobind Singh remains forever and is resolute.
Guru Gobind Singh is compassionate and auspicious.(129)

Guru Gobind Singh is the embodiment of the omnipotent Almighty.
Guru Gobind Singh is the ray of godly luminosity.(130)

Those who listen to to the name of Guru Gobind Singh,
Through the benevolence of Guru Gobind Singh, get godly vision.(131)

Those who praise the entity of Guru Gobind Singh,
Achieve the benevolence and generosity of Guru Gobind Singh.(132)

ਗੁਰੂ ਗੋਬਿੰਦ ਸਿੰਘ ਦੇ ਗੁਣਾਂ ਦੇ ਲਿਖਣਹਾਰੇ,
ਗੁਰੂ ਗੋਬਿੰਦ ਸਿੰਘ ਦੀ ਕਿਰਪਾ ਅਤੇ ਮਿਹਰ ਨਾਲ ਨਾਮਵਰੀ ਪਾਉਂਦੇ ਹਨ।(133)

ਗੁਰੂ ਗੋਬਿੰਦ ਸਿੰਘ ਦੇ ਮੁਖੜੇ ਦੇ ਦਰਸ਼ਨ ਕਰਨ ਵਾਲੇ,
ਗੁਰੂ ਗੋਬਿੰਦ ਸਿੰਘ ਦੀ ਗਲੀ ਵਿਚ ਉਸ ਦੀ ਪ੍ਰੀਤੀ ਵਿਚ ਮਸਤ ਹੋ ਜਾਂਦੇ ਹਨ।(134)

ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਧੂੜ ਨੂੰ ਚੁੰਮਣ ਵਾਲੇ,
ਗੁਰੂ ਗੋਬਿੰਦ ਸਿੰਘ ਦੀਆਂ ਨਿਆਮਤਾਂ ਕਾਰਨ ਪਰਵਾਨ ਹੋ ਜਾਂਦੇ ਹਨ।(135)

ਗੁਰੂ ਗੋਬਿੰਦ ਸਿੰਘ ਹਰ ਕਾਰਜ ਦੇ ਸਮੱਰਥ ਹਨ,
ਗੁਰੂ ਗੋਬਿੰਦ ਸਿੰਘ ਨਿਆਸਰਿਆਂ ਦੇ ਆਸਰਾ ਹਨ।(136)

ਗੁਰੂ ਗੋਬਿੰਦ ਸਿੰਘ ਪੂਜਾਰੀ ਅਤੇ ਪੂਜਨੀਕ ਹਨ,
ਗੁਰੂ ਗੋਬਿੰਦ ਸਿੰਘ ਮਿਹਰ ਅਤੇ ਬਖ਼ਸ਼ਿਸ਼ ਦਾ ਸਰੂਪ ਹਨ।(137)

ਗੁਰੂ ਗੋਬਿੰਦ ਸਿੰਘ ਸਰਦਾਰਾਂ ਦੇ ਤਾਜ ਹਨ,
ਰੱਬ ਪ੍ਰਾਪਤੀ ਲਈ ਗੁਰੂ ਗੋਬਿੰਦ ਸਿੰਘ ਸਭ ਤੋਂ ਚੰਗਾ ਵਸੀਲਾ (ਪੌੜੀ) ਹਨ।(138)

The narrators of the merits of Guru Gobind Singh,
Through the kindness of Guru Gobind Singh attain eminence.(133)

The ones who perceive the glimpse of Guru Gobind Singh,
Feel exhilarated in the avenues of Guru Gobind Singh.(134)

Those who revere the dust at the feet of Guru Gobind Singh,
Through the bounties of Guru Gobind Singh, are accepted.(135)

Guru Gobind Singh is adept in all the pursuits.
Guru Gobind Singh is the shelter for the destitute.(136)

Guru Gobind Singh is a devotee as well as worthy of veneration.
Guru Gobind Singh is the embodiment of kindness and magnanimity.(137)

Guru Gobind Singh is the chief of the leaders.
Guru Gobind Singh is the magnificent resource for godly attainment.(138)

ਸਾਰੇ ਪਵਿਤ੍ਰ ਫ਼ਰਿਸ਼ਤੇ ਗੁਰੂ ਗੋਬਿੰਦ ਸਿੰਘ ਦੇ ਤਾਬਿਆ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੀਆਂ ਬਖ਼ਸ਼ਸ਼ਾਂ ਦੀ ਸਿਫਤ ਕਰਨ ਵਾਲੇ ਹਨ।(139)

ਜਗਤ ਦੀ ਪਵਿਤ੍ਰ ਜਨਮਦਾਤਾ ਗੁਰੂ ਗੋਬਿੰਦ ਸਿੰਘ ਦੀ ਸੇਵਾ ਵਿਚ ਰਹਿੰਦੀ ਹੈ,
ਅਤੇ ਗੁਰੂ ਗੋਬਿੰਦ ਸਿੰਘ ਦੀ ਟਹਿਲਣ, ਸੇਵਾਦਾਰ, ਹੈ।(140)

ਗੁਰੂ ਗੋਬਿੰਦ ਸਿੰਘ ਦੇ ਸਾਮ੍ਹਣੇ ਕੁਦਰਤ ਦੀ ਕੀ ਕਦਰ ਹੈ?
ਉਹ ਵੀ ਗੁਰੂ ਗੋਬਿੰਦ ਸਿੰਘ ਦੀ ਬੰਦਗੀ ਵਿਚ ਬੱਧੀ ਰਹਿਣਾ ਚਾਹੁੰਦੀ ਹੈ।(141)

ਸੱਤੇ ਆਸਮਾਨ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਧੂੜ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੇ ਚੁਸਤ ਚਲਾਕ ਚਾਕਰ ਹਨ।(142)

ਆਕਾਸ਼ ਦਾ ਉਚੇਰਾ ਤ੍ਰਖ਼ਤ ਗੁਰੂ ਗੋਬਿੰਦ ਸਿੰਘ ਦੇ ਹੇਠ ਹੈ,
ਗੁਰੂ ਗੋਬਿੰਦ ਸਿੰਘ ਅਨੰਤ ਵਿਚ ਵਿਚਰਦੇ ਹਨ।(143)

ਗੁਰੂ ਗੋਬਿੰਦ ਸਿੰਘ ਦੀ ਕਦਰ ਕੀਮਤ ਸਭ ਤੋਂ ਉਚੇਰੀ ਹੈ,
ਗੁਰੂ ਗੋਬਿੰਦ ਸਿੰਘ ਅਬਿਨਾਸ਼ੀ ਸਿੰਘਾਸਨ ਦੇ ਮਾਲਕ ਹਨ।(144)

All the angels are in attendance to Guru Gobind Singh,
And are the admirers of the beneficence of Guru Gobind Singh.(139)

Even the pious procreator of the world attends upon Guru Gobind Singh.
She serves and facilitates Guru Gobind Singh.(140)

Even the nature is subordinate to Guru Gobind Singh.
It desires to remain imbued with veneration of Guru Gobind Singh.(141)

All the seven heavens are the dust of the feet of Guru Gobind Singh,
And are efficient and clever servers of Guru Gobind Singh.(142)

The lofty celestial throne is obedient to Guru Gobind Singh.
Guru Gobind Singh will prevail till the eternity.(143)

The honour and merits of Guru Gobind Singh are the loftiest,
As Guru Gobind Singh retains an eternal throne.(144)

ਗੁਰੂ ਗੋਬਿੰਦ ਸਿੰਘ ਸਦਕਾ ਇਹ ਸੰਸਾਰ ਰੌਸ਼ਨ ਹੈ,
ਗੁਰ ਗੋਬਿੰਦ ਸਿੰਘ ਸਦਕਾ ਜਾਨ ਅਤੇ ਦਿਲ ਗੁਲਜ਼ਾਰ ਹੈ।(145)

ਗੁਰੂ ਗੋਬਿੰਦ ਸਿੰਘ ਦਾ ਮਰਤਬਾ ਦਿਨ ਦਿਨ ਵਧਦਾ ਹੈ,
ਗੁਰੂ ਗੋਬਿੰਦ ਸਿੰਘ ਤਖਤ ਅਤੇ ਅਸਥਾਨ ਦੀ ਸ਼ੋਭਾ ਹਨ।(146)

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦੇ ਸਤਿਗੁਰੂ ਹਨ,
ਗੁਰੂ ਗੋਬਿੰਦ ਸਿੰਘ ਹਰ ਅੱਖ ਦੀ ਰੌਸ਼ਨੀ ਹਨ।(147)

ਸਾਰਾ ਸੰਸਾਰ ਗੁਰੂ ਗੋਬਿੰਦ ਸਿੰਘ ਦੇ ਹੁਕਮ ਵਿਚ ਹੈ,
ਗੁਰੂ ਗੋਬਿੰਦ ਸਿੰਘ ਦੀ ਸਭ ਤੋਂ ਵੱਡੀ ਸ਼ਾਨ ਹੈ।(148)

ਦੋਵੇਂ ਦੁਨੀਆਂ ਗੁਰੂ ਗੋਬਿੰਦ ਸਿੰਘ ਦਾ ਕਬੀਲਾ ਹਨ,
ਸਾਰੇ ਲੋਕ ਗੁਰੂ ਗੋਬਿੰਦ ਸਿੰਘ ਦਾ ਪੱਲਾ ਫੜਨਹਾਰੇ ਹਨ।(149)

ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਕਰਨ ਵਾਲੇ ਸਖ਼ੀ ਹਨ,
ਗੁਰੂ ਗੋਬਿੰਦ ਸਿੰਘ ਹਰ ਦਰ ਦੇ ਖੋਲਣ ਹਾਰੇ (ਹਰ ਥਾਂ ਦੇ ਵਿਜਈ) ਹਨ।(150)

Due to Guru Gobind Singh, this world is enlightened.
Through the kindness of Guru Gobind Singh both, the mind and the soul, bloom.(145)

The status of Guru Gobind Singh enhances day by day.
Guru Gobind Singh is the honour of the place of regality.(146)

Guru Gobind Singh is truly the preceptor of both the worlds.
Guru Gobind Singh endows the light of discernment to all the visions.(147)

The whole universe is under the command of Guru Gobind Singh,
And the splendour of Guru Gobind Singh is magnificent.(148)

Both the domains are in the lineage of Guru Gobind Singh.
All the people are holding the apparel of Guru Gobind Singh.(149)

Guru Gobind Singh is liberal in bestowing benevolence.
Guru Gobind Singh is the opener of all the portals.(150)

ਗੁਰੂ ਗੋਬਿੰਦ ਸਿੰਘ ਮਿਹਰਾਂ ਨਾਲ ਭਰਪੂਰ ਹਨ,
ਗੁਰ ਗੋਬਿੰਦ ਸਿੰਘ ਸਦਾਚਾਰ ਵਿਚ ਪਰੀਪੂਰਣ ਹਨ।(151)

ਗੁਰੂ ਗੋਬਿੰਦ ਸਿੰਘ ਹਰ ਸਰੀਰ ਵਿਚ ਦੀ ਰੂਹ ਹਨ,
ਗੁਰੂ ਗੋਬਿੰਦ ਸਿੰਘ ਹਰ ਅੱਖ ਵਿਚਲਾ ਨੂਰ ਹਨ।(152)

ਸਾਰੇ ਹੀ ਗੁਰੂ ਗੋਬਿੰਦ ਸਿੰਘ ਦੇ(ਦਰ ਤੋਂ) ਰੋਜ਼ੀ ਪਰਾਪਤ ਕਰਨ ਵਾਲੇ ਹਨ,
ਗੁਰੂ ਗੋਬਿੰਦ ਸਿੰਘ ਰੱਬ ਦੀ ਮਿਹਰ ਦੇ ਬੱਦਲ ਵਰਸਾਉਣ ਵਾਲੇ ਹਨ।(153)

ਸਤਾਈ(ਵਲਾਇਤਾਂ) ਗੁਰੂ ਗੋਬਿੰਦ ਸਿੰਘ ਦੇ ਭਿਖਾਰੀ ਹਨ,
ਸੱਤੇ ਸੰਸਾਰ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹਨ।(154)

ਪੰਜੇ ਇੰਦਰੇ ਗੁਰੂ ਗੋਬਿੰਦ ਸਿੰਘ ਦੇ ਗੁਣਾਂ ਨੂੰ ਸ਼ੋਭਾ ਦੇਣ ਵਾਲੇ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੇ ਮਹਿਲਾਂ ਦੇ ਝਾੜੂ-ਬਰਦਾਰ ਹਨ।(155)

ਦੋਹਾਂ ਜਹਾਨਾਂ ਉਤੇ ਗੁਰੂ ਗੋਬਿੰਦ ਸਿੰਘ (ਦੀ ਮਿਹਰ) ਦਾ ਹੱਥ ਹੈ,
ਸਾਰੇ ਫ਼ਰਿਸ਼ਤੇ ਅਤੇ ਦੇਵਤੇ ਗੁਰੂ ਗੋਬਿੰਦ ਸਿੰਘ ਸਾਮ੍ਹਣੇ ਤੁਛ ਹਨ।(156)

Guru Gobind Singh is brimful with compassion.
Guru Gobind Singh retains the absolute character.(151)

Guru Gobind Singh is the eternal soul of all the beings.
Guru Gobind Singh is the internal glow of each vision.(152)

All earn the sustenance from the portal of Guru Gobind Singh.
Guru Gobind Singh showers the clouds of godly kindness.(153)

Twenty-seven continents are begging of Guru Gobind Singh.
And all the seven regions sacrifice themselves for Guru Gobind Singh.(154)

All the five elements pay tributes to Guru Gobind Singh,
And they remain the servers of the household of Guru Gobind Singh.(155)

Benevolent hand of Guru Gobind Singh is over both the realms.
All the gods and the angels remain humble in the presence of Guru Gobind Singh.(156)

(ਨੰਦ) ਲਾਲ ਗੁਰੂ ਗੋਬਿੰਦ ਸਿੰਘ (ਦੇ ਦਰ) ਦਾ ਇਕ ਗੁਲਾਮ ਕੂਕਰ ਹੈ,
ਉਹ ਗੁਰੂ ਗੋਬਿੰਦ ਸਿੰਘ ਦੇ ਨਾਮ ਦੇ ਦਾਗ ਵਾਲਾ ਹੈ।(157)

ਉਹ ਗੁਰੂ ਗੋਬਿੰਦ ਸਿੰਘ ਦੇ ਕੁੱਤਿਆਂ ਤੋਂ ਵੀ ਨੀਚ ਹੈ,
ਉਹ ਗੁਰੂ ਗੋਬਿੰਦ ਸਿੰਘ ਦੇ ਦਸਤਰਖਾਨ ਤੋਂ ਭੋਰੇ ਚੁਗਣ ਵਾਲਾ ਹੈ।(158)

ਇਹ (ਦਾਸ) ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਪਵਿੱਤਰ ਧੂੜੀ ਦੀ ਬਖ਼ਸ਼ਿਸ਼ ਦਾ ਜਾਚਕ ਹੈ।(159)

(ਰੱਬ ਕਰੇ) ਇਸ (ਨੰਦ ਲਾਲ) ਦੀ ਜਾਨ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹੋਵੇ,
(ਰੱਬ ਕਰੇ) ਉਸ ਦਾ ਸੀਸ ਗੁਰ ਗੋਬਿੰਦ ਸਿੰਘ ਦੇ ਚਰਨਾਂ ਤੇ ਟਿਕਿਆ ਰਹੇ।(160)

(Nand) Lal is a slave-dog at the portal of Guru Gobind Singh.
He is endowed with the sign of a stamp of Guru Gobind Singh.(!57)

His status is lower than that of the dogs of Guru Gobind Singh.
He is the one who takes the leftover from the dinner of Guru Gobind Singh.(158)

This slave aspires for the reward from Guru Gobind Singh,
Which is the dust from the pious feet of Guru Gobind Singh.(159)

May his life be sacrificed for Guru Gobind Singh,
And may his head rest at the feet of Guru Gobind Singh.(160)

ਜੋਤਿ ਬਿਗਾਸ

(ਮੂਲ ਫਾਰਸੀ)

Sri Satguru Jagjit Singh Ji Elibrary NamdhariElibrary@gmail.com

Jote Bigas

(English)
Splendour of the Light

ਗੁਰੂ ਨਾਨਕ ਨਰਾਇਣ ਦਾ ਸਰੂਪ ਹੈ,
ਨਿਰਸੰਦੇਹ ਉਹ ਨਿੰਰਜਨ ਅਤੇ ਨਿੰਰਕਾਰ ਦਾ ਰੂਪ ਹੈ।(1)

ਰੱਬ ਨੇ ਉਸ ਨੂੰ ਆਪਣੀ ਬਖ਼ਿਸ਼ਸ਼ ਦੇ ਨੂਰ ਤੋਂ ਉਤਪੰਨ ਕੀਤਾ ਹੈ,
ਸਾਰਾ ਸੰਸਾਰ ਵਡੇਰੀਆਂ ਬਖਸ਼ਿਸ਼ਾਂ ਉਸ ਤੋਂ ਪਰਾਪਤ ਕਰਦਾ ਹੈ।(2)

ਰੱਬ ਨੇ ਉਸ ਨੂੰ ਹਰ ਚੁਣੇ ਹੋਏ ਤੋਂ ਉਚੇਰਾ ਚੁਣਿਆ ਹੈ,
ਰੱਬ ਨੇ ਉਸ ਨੂੰ ਹਰ ਉਚੇਰੇ ਅਸਥਾਨ ਤੋਂ ਉਚੇਰਾ ਬਿਠਾਇਆ ਹੈ।(3)

ਰੱਬ ਨੇ ਆਪ ਉਸ ਨੂੰ ਦੋਹਾਂ ਜਹਾਨਾਂ ਦਾ ਮੁਰਸ਼ਦ (ਸਤਿਗੁਰੂ) ਕਰਾਰ ਦਿੱਤਾ,
ਬੇਸ਼ਕ ਗੁਰੂ ਨਾਨਕ ਪਰਲੋਕ ਦੀ ਮੁਕਤੀ ਅਤੇ ਬਖਸ਼ਿਸ਼ਾਂ ਦੀ ਰਹਿਮਤ ਹੈ।(4)

ਰੱਬ ਨੇ ਉਸ ਨੂੰ ਲੋਕ ਪਰਲੋਕ ਦਾ ਸ਼ਹਿਨਸ਼ਾਹ ਕਹਿ ਕੇ ਸੰਬੋਧਨ ਕੀਤਾ,
ਉਸ ਤੋਂ (ਗੁਰੂ ਤੋਂ) ਜਾਚਕਾਂ ਨੂੰ ਬਜ਼ੁਰਗੀ ਦਾ ਸੋਮਾ ਮਿਲਦਾ ਹੈ।(5)

ਰੱਬ ਨੇ ਆਪ ਉਸ (ਗੁਰੂ) ਦੇ ਉਚੇ ਸੰਘਾਸਨ ਨੂੰ ਸਜਾਇਆ,
ਰੱਬ ਨੇ ਉਸ ਨੂੰ ਹਰ ਨੇਕੀ ਨਾਲ ਵਡਿਆਇਆ।(6)

Guru Nanak is the embodiment of the Almighty
No doubt, he is immaculate and formless.(1)

The Almighty has manifested him through his benevolence and splendour.
And the whole universe gains great blessings through him.(2)

The Almighty has adopted him from the chosen ones,
And he has established him much higher than the highest ones.(3)

The Almighty, himself, has designated him as the preceptor of the universe.
Without any doubt he is the emancipator and the quintessence of benedictions.(4)

The Almighty has honoured him as a supreme sovereign,
And from him, the seekers achieve source of the reverence.(5)

The Almighty, himself, has established him on a high pedestal.
The Almighty has endowed him with all sorts of virtues.(6)

ਰੱਬ ਨੇ ਸਾਰੇ ਖਾਸ ਪਰਵਾਨਤ ਨਿਕਟਵਰਤੀਆਂ ਨੂੰ ਉਸ ਦੇ ਚਰਨਾਂ ਨਾਲ ਲਾਇਆ,
ਉਸ ਦਾ ਫਤਿਹ ਦੇ ਚਿੰਨ੍ਹ ਵਾਲਾ ਝੰਡਾ ਅਸਮਾਨ ਨਾਲ ਗੱਲਾਂ ਕਰਦਾ ਹੈ।(7)

ਉਸ ਦੀ ਪਾਤਸ਼ਾਈ ਦਾ ਤਖ਼ਤ ਸਦਾ ਸਥਿਰ ਰਹਿਣ ਵਾਲਾ ਹੈ,
ਉਸ ਦੀ ਉਚੇਰੀ ਸ਼ਾਨ ਦਾ ਤਾਜ ਸਦਾ ਕਾਇਮ ਰਹਿਣ ਵਾਲਾ ਹੈ।(8)

ਰੱਬ ਨੇ ਉਸ ਨੂੰ ਵੱਡੀ ਵਡਿਆਈ ਅਤੇ ਸਖ਼ਾਵਤ ਬਖਸ਼ੀ ਹੈ,
ਉਸ ਦੇ ਕਾਰਣ ਹਰ ਨਗਰ ਅਤੇ ਦੇਸ਼ ਸ਼ੋਭਨੀਕ ਹੈ।(9)

ਉਹ (ਗੁਰੂ ਨਾਨਕ) ਆਪਣੇ ਪਹਿਲੇ ਹੋ ਗੁਜ਼ਰੇ ਅਵਤਾਰਾਂ ਤੋਂ ਵੀ ਪਹਿਲਾਂ ਦਾ ਹੈ।
ਗੁਰੂ ਨਾਨਕ ਕਦਰ ਕੀਮਤ ਤੋਂ ਸਭ ਨਾਲੋਂ ਵਡਮੁੱਲਾ ਹੈ।(10)

ਹਜ਼ਾਰਾਂ ਬ੍ਰਹਮਾ ਗੁਰੂ ਨਾਨਕ ਦੀ ਉਸਤਤਿ ਕਰਦੇ ਹਨ,
ਸਾਰੇ ਵਡਿੱਕਿਆਂ ਦੀ ਸ਼ਾਨ ਨਾਲੋਂ ਗੁਰੂ ਨਾਨਕ ਦੀ ਸ਼ਾਨ ਵਡੇਰੀ ਹੈ।(11)

ਹਜ਼ਾਰਾਂ ਈਸ਼ਰ ਅਤੇ ਇੰਦਰ ਗੁਰੂ ਨਾਨਕ ਦੇ ਚਰਨਾਂ ਵਿਚ ਹਨ,
ਸਾਰੇ ਵਡਿੱਕਿਆਂ ਨਾਲੋਂ ਗੁਰੂ ਨਾਨਕ ਦਾ ਅਸਥਾਨ ਉਚੇਰਾ ਹੈ।(12)

The Almighty has directed all his adherents towards his feet,
As his victory flag reaches the heavenly heights.(7)

The throne of his sovereignty is invariable,
And the crown of his high magnificence prevail forever.(8)

He has been bestowed with generosity and distinction.
Through him all the cities and inhabitation get prominence.(9)

He is the forerunner of all the incarnations,
And in his virtues, he is matchless.(10)

Thousands of Brahmas revel in his adoration,
As his magnificence is greater than that of all the great ones.(11)

Thousands of Ishars and Indras pay their obeisance at his feet.
His status is loftier that that of the lofty ones.(12)

ਹਜ਼ਾਰਾਂ ਧਰੂ ਵਰਗੇ ਅਤੇ ਹਜ਼ਾਰਾਂ ਬਿਸ਼ਨ ਵਰਗੇ, ਅਤੇ ਇਸੇ ਤਰ੍ਹਾਂ,
ਅਨੇਕਾਂ ਰਾਮ ਰਾਜੇ ਅਤੇ ਅਨੇਕਾਂ ਕਾਹਨ ਕ੍ਰਿਸ਼ਨ।(13)

ਹਜ਼ਾਰਾਂ ਦੇਵੀ ਦੇਵਤਿਆਂ ਅਤੇ ਹਜ਼ਾਰਾਂ ਗੋਰਖਾਂ ਵਰਗੇ,
ਗੁਰੂ ਨਾਨਕ ਦੇ ਚਰਨਾਂ ਤੋਂ ਆਪਣੀ ਜਾਨ ਵਾਰਦੇ ਹਨ।(14)

ਹਜ਼ਾਰਾਂ ਆਸਮਾਨ ਅਤੇ ਹਜ਼ਾਰਾਂ ਆਕਾਸ਼, ਹਜ਼ਾਰਾਂ ਧਰਤ ਅਤੇ ਹਜ਼ਾਰਾਂ
ਪਾਤਾਲ, ਅਤੇ ਹਜ਼ਾਰਾਂ ਗਗਨਾਂ ਦੀ ਕੁਰਸੀ।(15)

ਅਤੇ ਹਜ਼ਾਰਾਂ ਤਖ਼ਤ, ਗੁਰੂ ਨਾਨਕ ਦੇ ਚਰਨਾਂ ਵਿਚ ਆਪਣੇ ਦਿਲ-ਜਾਨ ਨੂੰ
{ਅੱਖਾਂ ਵਾਂਗ} ਵਛਾਉਂਦੇ ਹਨ।(16)

ਹਜ਼ਾਰਾਂ ਇਨ੍ਹਾਂ ਲੋਕਾਂ ਅਤੇ ਹਜ਼ਾਰਾਂ ਦੇਵ ਲੋਕਾਂ ਨੂੰ,
ਹਜ਼ਾਰਾਂ ਰੱਬ ਦੇ ਰੂਪ ਦੇ ਦੇਸ਼ਾਂ ਅਤੇ ਹਜ਼ਾਰਾਂ ਸੱਚਖੰਡਾਂ,(17)

ਅਥਵਾ ਹਜ਼ਾਰਾਂ ਵਾਸੀਆਂ ਅਤੇ ਹਜ਼ਾਰਾਂ ਵਾਸਿਆਂ ਨੂੰ,
ਅਤੇ ਹਜ਼ਾਰਾਂ ਜ਼ਮੀਨਾਂ ਅਤੇ ਹਜ਼ਾਰਾਂ ਜ਼ਮਾਨਿਆਂ ਨੂੰ,(18)

There are thousands upon thousands of Dhrus and Vishnus,
And plenty of Ramas and Krishnas.(13)

There are thousands of gods and goddesses and numerous like Gorakhs,
And they all sacrifice themselves at his feet.(14)

Thousands of heavens and thousands of skies,
Thousands of worlds, hells, and paradises,(15)

Thousands of couches and thousands of thrones,
lay themselves at his feet with humility.(16)

Thousands of people and thousands of demigods,
Thousands godly incarnations and the heavens,(17)

Thousands of inhabitants at thousands of places,
Thousands of earths and thousands of ages,(18)

ਰੱਬ ਨੇ ਗੁਰੂ ਨਾਨਕ ਦੇ ਚਰਨਾਂ ਵਿਚ ਸੇਵਕਾਂ ਵੰਗ ਸੁੱਟ ਦਿੱਤਾ ਹੈ,
ਵਾਰੇ ਵਾਰੇ ਜਾਈਏ ਰੱਬ ਦੀ ਅਜਿਹੀ ਮਿਹਰ ਅਤੇ ਬਖਸ਼ਿਸ਼ ਤੋਂ।(19)

ਦੋਵੇਂ ਜਹਾਨ ਗੁਰੂ ਨਾਨਕ ਸਦਕਾ ਰੌਸ਼ਨ ਹਨ,
ਰੱਬ ਨੇ ਉਸ ਨੂੰ ਸਾਰੇ ਪਤਵੰਤਿਆਂ ਨਾਲੋਂ ਵਡੇਰਾ ਬਣਾਇਆ ਹੈ।(20)

ਹਜ਼ਾਰਾਂ ਆਦਮ ਅਤੇ ਹਜ਼ਾਰਾਂ ਹੱਵਾ ਅਥਵਾ ਹਜ਼ਾਰਾਂ ਦੇਵੀ ਦੇਵਤੇ ਗੁਰੂ,
ਨਾਨਕ ਦੇ ਚਰਨਾਂ ਤੋਂ ਬਲਿਹਾਰੀ ਜਾਂਦੇ ਹਨ।(21)

ਹਜ਼ਾਰਾਂ ਸ਼ਹਿਨਸ਼ਾਹ ਗੁਰੂ ਨਾਨਕ ਦੇ ਹਜ਼ੂਰੀ ਗੁਲਾਮ ਹਨ,
ਹਜ਼ਾਰਾਂ ਸੂਰਜ ਚੰਦਰਮਾਂ ਗੁਰੂ ਨਾਨਕ ਨੂੰ ਨਿਉਂ ਨਿਉਂ ਸਲਾਮਾਂ ਕਰਦੇ ਹਨ।(22)

ਨਾਨਕ ਵੀ ਉਹੀ ਹੈ ਅਤੇ ਅੰਗਦ ਵੀ ਉਹੀ ਹੈ,
ਬਖਸ਼ਿਸ਼ ਅਤੇ ਵਡੀ ਵਡਿਆਈ ਦਾ ਮਾਲਕ ਅਮਰ ਦਾਸ ਵੀ ਉਹੀ ਹੈ।(23)

ਉਹੀ ਰਾਮਦਾਸ ਅਤੇ ਉਹੀ ਅਰਜੁਨ ਹੈ,
ਸਭ ਤੋਂ ਵੱਡਾ ਅਤੇ ਚੰਗੇਰਾ ਹਰਿਗੋਬਿੰਦ ਵੀ ਉਹੀ ਹੈ।(24)

All are bequeathed by God to Guru Nanak as the servers,
And we are gratified by such divine benefaction.(19)

Both the realms are glorious due to him,
And the Almighty has infused more resplendence into him than any of his ancestry.(20)

Thousands of Adams and thousands of Eves,
And thousands of deities sacrifice themselves at his feet.(21)

Thousands of Emperors act as his servers,
Thousands of suns and moons convey to him their humble greetings.(22)

Nanak is him, him is also Angad,
And his embodiment, too, is Amar Das, the benevolent.(23)

Him is Ram Das and him is Arjun,
And supreme and kind Hargobind is him too.(24)

ਉਹੀ ਹਰਿਰਾਇ ਕਰਤਾ ਗੁਰੂ ਹੈ, ਜਿਸ ਨੂੰ
ਹਰ ਸ਼ੈ ਦੀ ਸਿਧ ਪੁੱਠ ਸਾਫ ਪ੍ਰਗਟ ਹੋ ਜਾਂਦੀ ਹੈ।(25)

ਉਹੀ ਸਿਰ-ਕੱਢ ਹਰਿਕਿਸ਼ਨ ਹੈ,
ਜਿਸ ਤੋਂ ਹਰ ਹਾਜਤਮੰਦ ਦੀ ਮੁਰਾਦ ਪੂਰੀ ਹੁੰਦੀ ਹੈ।(26)

ਉਹੀ ਤੇਗ ਬਹਾਦਰ ਹੈ।
ਜਿਸ ਦੇ ਨੂਰ ਤੋਂ ਗੁਰੂ ਗੋਬਿੰਦ ਸਿੰਘ ਪ੍ਰਗਟ ਹੋਇਆ ਹੈ।(27)

ਉਹੀ ਗੁਰੂ ਗੋਬਿੰਦ ਸਿੰਘ ਹੈ ਤੇ ਉਹੀ ਨਾਨਕ ਗੁਰੂ ਹੈ,
ਉਸ ਦੇ ਸ਼ਬਦ ਜਵਾਹਰਾਤ ਅਤੇ ਮਾਨਕ ਮੋਤੀ ਹਨ।(28)

ਉਸ ਦਾ ਸ਼ਬਦ ਜੌਹਰ ਹੈ,ਜਿਸ ਨੂੰ ਸੱਚ ਦੀ ਪਾਨ ਦਿੱਤੀ ਹੈ,
ਉਸ ਦਾ ਸ਼ਬਦ ਮਾਣਿਕ ਹੈ, ਜਿਸ ਨੂੰ ਸੱਚ ਦੀ ਚਮਕ ਬਖ਼ਸ਼ੀ ਹੈ।(29)

ਉਹ ਹਰ ਪਵਿਤ੍ਰ ਬਚਨ ਤੋਂ ਵੀ ਵਧੇਰੇ ਪਵਿਤ੍ਰ ਹੈ,
ਉਹ ਚਾਰ ਖਾਣੀਆਂ ਅਤੇ ਛੇ ਦਰਸ਼ਨਾਂ ਨਾਲੋਂ ਵੀ ਵਧੇਰੇ ਉਚਾ ਹੈ।(30)

Him is the creator Guru Har Rai,
To whom all the noble and the base are evident.(25)

Him is Harkishan the lofty one,
By whom every body's wishes are fulfilled.(26)

Him is Guru Tegh Bahadur,
From whose resplendence Guru Gobind Singh was born.(27)

Him is Guru Gobind Singh and him is Guru Nanak,
Whose discourses are like the pearls and diamonds.(28)

His words are the essence which is laced with truth.
His word is diamond which has been radiated with truth.(29)

He is purer than the purest sermons.
He is above all the Shastras and Philosophies.(30)

ਛੇ ਪਾਸੇ ਹੀ ਉਸ ਦੀ ਆਗਿਆ ਦੇ ਪਾਲਣ ਕਰਨ ਵਾਲੇ ਹਨ,
ਸਾਰੀ ਪਾਤਸ਼ਾਹੀ ਉਸ ਦੇ ਕਾਰਣ ਸਦਾ ਰੌਸ਼ਨ ਰਹਿੰਦੀ ਹੈ।(31)

ਉਸ ਦੀ ਬਾਦਸ਼ਾਹੀ ਦਾ ਨਗਾਰਾ ਦੋਹਾਂ ਜਹਾਨਾਂ ਵਿਚ ਵਜਦਾ ਹੈ,
ਉਸ ਦੀ ਖ਼ੁਦਾਈ ਦੁਨੀਆਂ ਦੀ ਸ਼ਾਨ ਹੈ।(32)

ਉਸ ਦਾ ਉੱਚਾ ਸਿਤਾਰਾ ਦੋਹਾਂ ਦੁਨੀਆਂ ਨੂੰ ਰੌਸ਼ਨ ਕਰਦਾ ਹੈ,
ਉਸ ਦਾ ਉੱਚਾ ਸਿਤਾਰਾ ਦੁਸ਼ਮਨਾਂ ਨੂੰ ਸਾੜ ਦਿੰਦਾ ਹੈ।(33)

ਧਰਤੀ ਹੇਠਲੀ ਮੱਛੀ ਤੋਂ ਲੈ ਕੇ ਉਚੇਰੇ ਅਨੰਤ ਦੀ ਸੀਮਾ ਤਕ,
ਸਾਰੀ ਲੋਕਾਈ ਉਸ ਦੇ ਪਵਿੱਤਰ ਨਾਮ ਦੀ ਦਿਲ ਜਾਨ ਤੋਂ ਸੇਵਕ ਹੈ।(34)

ਬਾਦਸ਼ਾਹ ਅਤੇ ਦੇਵਤੇ ਉਸ ਦੀ ਬੰਦਗੀ ਵਿਚ ਸਿਮਰਨ ਕਰਦੇ ਹਨ,
ਉਸ ਦਾ ਧਰਮ ਹਰ ਧਰਮ ਨਾਲੋਂ ਵਧੇਰੇ ਵਡਭਾਗੀ ਅਤੇ ਨੇਕ ਹੈ।(35)

ਕੀ ਲੱਖਾਂ ਕੈਸਰ ਤੇ ਕੀ ਲੱਖਾਂ ਖਾਕਾਨ (ਮੰਗੋਲ ਦੇ ਬਾਦਸ਼ਾਹ)
ਕੀ ਅਣਗਿਣਤ ਕਿਸਰਾ(ਨੌਸ਼ੀਰਵਾ) ਤੇ ਕੀ ਬੇਸ਼ੁਮਾਰ ਕਾਊਸ,

In all the six directions, bearers of his commands prevail,
And, due to him the whole domain remains glorious.(31)

The drums of his sovereignty are beaten in both the worlds,
And his godliness is the matter of pride for the humanity.(32)

His lofty star endows light to both the worlds,
And his towering star sets the enemies ablaze.(33)

From the deep down fish to the heavenly extremity,
whole creation revers his pious name heart and soul.(34)

All the temporal and celestial beings revel in his remembrance,
And his creed is more fortunate than any other belief.(35)

What are many Kaiser[1] and what are thousands of Khakans[2]?
What are numerous Kisras[3] and what are several Kaoos[4]?(36)

(1. Title of Roman Emperor; 2. Title of Emperors of China and Turkey;
3. A king of Iran. 4. A King of Iran – also called Kaikaoos.)

Sri Satguru Jagjit Singh Ji Elibrary NamdhariElibrary@gmail.com

(ਈਰਾਨ ਦੇ ਬਾਦਸ਼ਾਹ), ਤੇ ਕੀ ਫ਼ੈਰੋਂ (ਮਿਸਰ ਦੇ ਬਾਦਸ਼ਾਹ) ਤੇ ਕੀ
ਉੱਚੇ ਮਰਤਬਿਆਂ ਵਾਲੇ ਫ਼ਗਫ਼ੂਰ(ਚੀਨ ਦੇ ਬਾਦਸ਼ਾਹ),
ਇਹ ਸਾਰੇ ਉਸ ਦੇ ਚਰਨਾਂ ਦੀ ਧੂੜ ਹਨ।
ਇਹ ਸਾਰੇ ਉਸ ਦੇ ਚਰਨਾਂ ਦੇ ਸੇਵਕ ਅਤੇ ਗੁਲਾਮ ਹਨ।
ਇਹ ਸਾਰੇ ਉਸ ਦੇ ਦੈਵੀ ਹੁਕਮਾਂ ਦੀ ਪਾਲਣਾ ਕਰਨ ਵਾਲੇ ਹਨ
ਕੀ ਇਰਾਨ ਦਾ ਸੁਲਤਾਨ ਤੇ ਕੀ ਖ਼ੂਤਨ ਦਾ ਖ਼ਾਨ, ਅਤੇ
ਕੀ ਤੂਰਾਨ ਦਾ ਦਾਰਾ ਅਤੇ ਕੀ ਯਮੁਨ ਦਾ ਬਾਦਸ਼ਾਹ,
ਕੀ ਰੂਸ ਦੀ ਜ਼ਾਰ ਅਤੇ ਕੀ ਹਿੰਦੂਸਤਾਨ ਦਾ ਸੁਲਤਾਨ,
ਕੀ ਦੱਖਣ ਦੇ ਹਾਕਮ ਤੇ ਕੀ ਵਡਭਾਗੇ ਰਾਓ—(36,37,38,39.40,)

ਪੂਰਬ ਤੋਂ ਲੈ ਕੇ ਪੱਛਮ ਤਕ ਦੇ ਸਰਦਾਰ ਅਤੇ ਬਾਦਸ਼ਾਹ ਉਸ ਦੇ ਪਵਿਤ੍ਰ ਹੁਕਮਾਂ ਦੀ ਜਾਨ ਪਾਲਣਾ ਕਰਦੇ ਹਨ।(41)

ਹਜ਼ਾਰਾਂ ਕਿਊਮਰਸ ਅਤੇ ਜਮਸ਼ੇਦ (ਪਰਾਤਨ ਈਰਨ ਦੇ ਬਾਦਸ਼ਾਹ, ਅਤੇ ਜ਼ਾਰ(ਰੂਸ ਦੇ ਬਾਦਸ਼ਾਹ)ਉਸ ਦੀ ਸੇਵਾ ਵਿਚ ਤਿਆਰ ਗੁਲਾਮਾਂ ਵਾਂਗ ਖਲੋਤੇ ਹਨ।(42)

Various are the Foors[1], and so are Faghfoors[2],
They all are just the dust of his feet.(38)

They all are his servers and slaves,
And they all carry out to his celestial commands.(39)

What is the Tzar[3] of Russia and the Sultan of Hind,
And what are the rulers of the South and prestigious Raos[4],(40)

From East to West, all the Chiefs and the Kings,
Survive observing and serving his sacred orders.(41)

Thousands of Kioomers[5] and Jamsheds[6],
Remain with their loins girded up at his service.(42)

1. Name of an ancient king of Kanuj (Iran).
2. Title of Chinese Kings
3. Title of Russian Emperors
4. Title of Indian Rajput rulers
5-6. Iranian rulers.

Sri Satguru Jagjit Singh Ji Elibrary NamdhariElibrary@gmail.com

ਹਜ਼ਾਰਾਂ ਰੁਸਤਮ ਵਰਗੇ ਅਤੇ ਹਜ਼ਾਰਾਂ ਸਾਮ (ਰੁਸਤਮ ਦਾ ਬਾਬਾ) ਅਤੇ
ਹਜ਼ਾਰਾਂ ਅਸੰਫੰਦ-ਯਾਰ(ਗਸਤਾਸਪ ਦਾ ਪੁਤੱਰ, ਜਿਸ ਨੂੰ ਰੁਸਤਮ ਨੇ ਤੀਰ
ਨਾਲ ਅੰਨ੍ਹਿਆਂ ਕਰ ਕੇ ਮਾਰ ਦਿੱਤਾ ਸੀ) ਵਰਗੇ ਉਸ ਦੇ ਗੁਲਾਮ ਹਨ।(43)

ਹਜ਼ਾਰਾਂ ਜਮਨਾ ਅਤੇ ਹਜ਼ਾਰਾਂ ਗੰਗਾ ਵਰਗੇ ਦਰਿਆ,
ਸਤਿਕਾਰ ਨਾਲ ਉਸ ਦੇ ਚਰਨਾ ਵਿਚ ਸੀਸ ਨਿਵਾਉਂਦੇ ਹਨ।(44)

ਕੀ ਇੰਦਰਾਦਿਕ ਅਤੇ ਕੀ ਬ੍ਰਹਮਾਦਿਕ,
ਕੀ ਰਾਮਾਦਿਕ ਅਤੇ ਕੀ ਕ੍ਰਿਸ਼ਨਦਿਕ-(45)

ਸਾਰੇ ਹੀ ਆਪਣੀ ਜ਼ਬਾਨ ਨਾਲ ਉਸ ਦੀ ਉਸਤਤ ਕਰਨ ਤੋਂ ਅਸਮਰਥ ਹਨ,
ਅਤੇ ਸਾਰੇ ਹੀ ਉਸ ਦੀ ਮਿਹਰ ਅਤੇ ਬਖਸ਼ਿਸ਼ ਦੇ ਜਾਚਕ ਹਨ।(46)

ਹਰ ਦੀਪ ਵਿਚ ਹਰ ਦਿਸ਼ਾ ਵਲ ਉਸ ਦਾ ਡੰਕਾ ਵੱਜ ਰਿਹਾ ਹੈ,
ਹਰ ਦੇਸ਼ ਅਤੇ ਰਾਜ ਵਿਚ ਉਸ ਦਾ ਨਾਮ ਸਤਿਕਾਰਿਆ ਜਾਂਦਾ ਹੈ।(47)

ਹਰ ਖੰਡ ਅਤੇ ਹਰ ਬ੍ਰਹਿਮੰਡ ਵਿਚ ਉਸ ਦੀਆਂ ਗੱਲਾਂ ਹੁੰਦੀਆਂ ਹਨ,
ਸਾਰੇ ਸੱਚ ਦੇ ਉਪਾਸ਼ਕ ਉਸ ਦੀ ਆਗਿਆ ਦਾ ਪਾਲਣ ਕਰਦੇ ਹਨ।(48)

Thousands like Rustam[1], Saam[2] and Isfand Yar[3],
Are his serfs.(43)

Thousands of rivers like Ganges and Jamuna,
With reverence bend their heads in obeisance.(44)

Not to speak of Indras and Brahmas,
And not to speak of Ramas and Krishnas,(45)

They all are helpless in adoring him,
And they all are toiling for his benevolence.(46)

In each continent, in each direction he is obeyed,
And in each country, his name is exalted.(47)

In each region and in each domain he is remembered,
And the true believers bow to his orders.(48)

1. A brave wrestler of Iran
2. Grandfather of Rustam
3. Name of a king of Iran

Sri Satguru Jagjit Singh Ji Elibrary NamdhariElibrary@gmail.com

ਪਾਤਾਲ ਤੋਂ ਲੈ ਕੇ ਸਤਵੇਂ ਆਸਮਾਨ ਤਕ ਸਾਰੇ ਉਸ ਦੇ ਹੁਕਮ ਨੂੰ ਮੰਨਣ ਵਾਲੇ ਹਨ,
ਚੰਦਰਮਾ ਤੋਂ ਲੈ ਕੇ ਧਰਤੀ ਦੇ ਹੇਠਲੀ ਮੱਛੀ ਤਕ ਸਾਰੇ ਹੀ ਉਸ ਦੇ ਸੇਵਕ ਅਤੇ ਚਾਕਰ ਹਨ।(49)

ਉਸ ਦੀਆਂ ਬਖ਼ਸ਼ਿਸ਼ਾਂ ਅਤੇ ਮਿਹਰਾਂ ਬੇਸ਼ੁਮਾਰ ਹਨ,
ਉਸ ਦੀ ਕਰਾਮਾਤ ਅਤੇ ਉਸ ਦੇ ਚੋਜ ਦੈਵੀ ਹਨ।(50)

ਉਸ ਦੀ ਸਿਫ਼ਤ ਉਸਤਿਤ ਕਰਨ ਤੋਂ ਜੀਭਾਂ ਗੂੰਗੀਆਂ ਹਨ,
ਉਸ ਦੀ ਸਿਫਤ ਦੀ ਗੱਲ ਕਰਨ ਦੀ ਨਾ ਕੋਈ ਹੱਦ ਹੈ ਅਤੇ ਨਾ ਕਿਸੇ ਨੂੰ ਮਜਾਲ।(51)

ਉਹ ਸੁਭਾਉ ਕਰਕੇ ਸਖ਼ੀ ਹੈ, ਸੁਹੱਪਣ ਉਸ ਦੀ ਖ਼ਸਲਤ ਵਿਚ ਹੈ,
ਉਹ ਸਖਾਵਤਾਂ ਕਰਕੇ ਜਾਣਿਆ ਜਾਂਦਾ ਹੈ, ਉਹ ਸੁਗਾਤਾਂ ਕਰਕੇ ਯਾਦ ਰੰਹਿਦਾ ਹੈ।(52)

ਉਹ ਸਾਰੀ ਖਲਕਤ ਦੇ ਗੁਨਾਹਾਂ ਦੀ ਮੁਆਫੀ ਚਾਹੁਣ ਵਾਲਾ ਹੈ, ਉਹ ਸਾਰੀ ਲੋਕਾਈ ਦਾ ਜ਼ਾਮਨ ਹੈ।
ਉਹ ਸੂਰਮਤਾਈ ਦਾ ਸਮੁੰਦਰ ਹੈ, ਉਹ ਸਿੱਧੇ ਮਾਰਗ ਦਾ ਸੂਰਜ ਹੈ।(53)

ਉਹ ਆਮ ਜਨਤਾ ਦਾ ਮੁਕਤੀ-ਦਾਤਾ ਹੈ ਅਤੇ ਉਹ ਸਾਰੇ ਲੋਕਾਂ ਲਈ ਅਮਾਨਤ ਹੈ,
ਉਸ ਹੀ ਛੋਹ ਸਦਕਾ ਕਾਲੇ ਬਦਲ ਚਮਕ ਉਠਦੇ ਹਨ।(54)

From the temporal world to the seventh heaven all are his subjects,
From moon down to the fish below the earth, all are his servers.(49)

His benevolence and kindness are numerous.
His miracles and his antics are celestial.(50)

The tongues get tied extolling his compassion.
His praise is boundless and beyond description.(51)

Kindness is his character and beauty is his nature.
He is renowned for his generosity and known for his bounties.(52)

He forgives all the guilt and is a guarantee for all the humanity.
He is the sea of bravery and the sun in the righteous path.(53)

He is emancipator of the people and saviour of all.
Through his touch, even the dark clouds shine.(54)

ਉਹ ਬਖਸ਼ਿਸ਼ਾਂ ਦਾ ਅਤਿਅੰਤ ਹੈ ਅਤੇ ਨਿਆਮਤਾਂ ਦਾ ਵੱਡਾ ਸਮੂਹ ਹੈ,
ਉਹ ਫੈਜ਼ਾਂ ਦੀ ਬਹੁਤਾਤ ਹੈ ਅਤੇ ਸਖ਼ਾਵਤ ਦੀ ਉੱਥੇ ਬਸ ਹੈ।(55)

ਉਹ ਅਕਲ ਇਨਸਾਫ ਦੇ ਝੰਡੇ ਨੂ ਝੁਲਾਉਣ ਵਾਲਾ ਹੈ,
ਉਹ ਵਿਸ਼ਵਾਸ਼ ਦੇ ਨੇਤ੍ਰਾਂ ਨੂੰ ਚਮਕਾਉਂਣ ਵਾਲਾ ਹੈ।(56)

ਉਹ ਉੱਚੇ ਮਹਿਲਾਂ ਵਾਲਾ ਹੈ, ਉੱਚੀਆਂ ਹਵੇਲੀਆਂ ਵਾਲਾ ਹੈ,
ਉਹ ਆਦਤਾਂ ਦਾ ਸਖ਼ੀ ਹੈ, ਨੈਣ-ਨਕਸ਼ਾਂ ਦਾ ਸਾਊ ਹੈ।(57)

ਪਵਿੱਤਰ ਹੈ ਉਸ ਦੀ ਦਰਗਾਹ ਅਤੇ ਉਚੇਰਾ ਹੈ ਉਸ ਦਾ ਖਿਤਾਬ,
ਹਜ਼ਾਰਾਂ ਚੰਨ ਸੂਰਜ ਉਸ ਦੇ ਮੰਗਤੇ ਹਨ।(58)

ਉਸ ਦੇ ਦਰਜੇ ਉੱਚੇ ਹਨ, ਅਤੇ ਉਹ ਵਡੀ ਓਟ ਹੈ,
ਚੰਗੇ ਅਤੇ ਭੈੜੇ ਭੇਤਾਂ ਨੂੰ ਜਾਨਣ ਵਾਲਾ ਹੈ।(59)

ਵਖ ਵਖ ਖੰਡਾਂ ਨੂੰ ਪਵਿੱਤਰ ਕਰਨ ਵਾਲਾ ਅਤੇ ਬਖ਼ਸ਼ਿਸ਼ਾਂ ਦਾ ਦਾਤਾ ,
ਮਰਤਬਿਆਂ ਨੂੰ ਉੱਚਿਆਂ ਕਰਨ ਵਾਲਾ ਅਤੇ ਫਜ਼ਲਾਂ ਦਾ ਸਮੂਹ ਹੈ।(60)

He is bountiful in kindness and a treasure of generosity.
He is full of charity and there is no limit to his largesse.(55)

He flies the banner of justice and good sense,
And he makes the eyes of trustworthiness gleam.(56)

He dwells in the lofty palaces and prominent mansions,
He possesses considerate habits and urbane nature.(57)

Chaste is his temple and ethical his designation,
And thousands of suns and moons are his beseeching beggars.(58)

His status is high, he is a great protection,
And he identifies good from bad.(59)

He is the purifier of different domains and bestower of grace.
He keeps the stature high and is full of goodwill.(60)

ਸ਼ਰਾਫਤਾਂ ਵਿਚ ਵਡੇਰਾ, ਖਸਲਤਾਂ ਵਿਚ ਸਭਨਾ ਵਲੋਂ ਸ਼ਲਾਘਾ ਯੋਗ
ਨੇਕ ਆਦਤਾਂ ਕਰਕੇ ਸਤਿਕਾਰ ਯੋਗ ਅਤੇ ਰੂਪ ਵਿਚ ਸ਼ੋਭਨੀਕ।(61)

ਉਸ ਦਾ ਹੁਸਨ ਕਾਮਲ ਰੱਬ ਦੇ ਜਾਹ ਜਲਾਲ ਦਾ ਘੇਰਾ ਹੈ,
ਉਸ ਦੀ ਸ਼ਾਨ ਸ਼ੌਕਤ ਸਦੀਵੀ ਅਤੇ ਅਬਿਨਾਸ਼ੀ ਵਡਿਆਈ ਹੈ।(62)

ਉਹ ਸਿਫਤਾਂ ਕਰਕੇ ਸੁੰਦਰ ਹੈ,ਸਿਫਤਾਂ ਵਿਚ ਸੰਪੂਰਨ ਹੈ,
ਉਹ ਗੁਨਾਹਾਂ ਦਾ ਜਾਮਾਨ (ਬਖਸ਼ਣ ਵਾਲਾ) ਹੈ ਅਤੇ ਜਗਤ ਦਾ ਪੱਖ ਪੂਰਨ ਵਾਲਾ ਹੈ।(63)

ਤਬੀਅਤ ਕਰਕੇ ਉਹ ਸਖੀ ਹੈ, ਉਹ ਬਖਸ਼ਿਸ਼ ਅਤੇ ਸਖਾਵਤ ਦਾ ਮਾਲਕ ਹੈ,
ਸਾਰੇ ਫਰਿਸ਼ਤੇ ਉਸ ਦੇ ਸਾਮ੍ਹਣੇ ਸੀਸ ਝੁਕਾਉਂਦੇ ਹਨ।(64)

ਉਹ ਧਰਤ, ਅਕਾਸ਼ ਅਤੇ ਅਰਸ਼ਾਂ ਦਾ ਮਾਲਕ ਹੈ,
ਉਹ ਧਰਤ ਦੇ ਅਨੇਰੇ ਵੇਹੜੇ ਨੂੰ ਰੌਸ਼ਨ ਕਰਨ ਵਾਲਾ ਹੈ।(65)

ਉਹ ਅਸਲੋਂ ਸਾਊਪਣੇ ਅਤੇ ਬਜ਼ੁਰਗੀ ਦੀ ਰੌਸ਼ਨੀ ਹੈ,
ਉਹ ਵਕਾਰ ਅਤੇ ਵਡਿਆਈ ਦਾ ਮਾਲਕ ਹੈ।(66)

He surpasses in nobility and earns appreciation from all;
Earns respect through his kind habits and is immaculate in looks.(61)

His semblance is the depiction of the godly splendour.
His pomp and show remains forever and his greatness is eternal.(62)

Due to his qualities he is beautiful and he is perfect to earn acclaim.
He forgives the vices and supports the world.(63)

By nature he is benevolent and the master of compassion,
All the angels bow their heads before him.(64)

He owns all, the earth, the sky and the heavens,
And he endows light to the zones under the darkness.(65)

He, in reality, is the light of graciousness and maturity.
He possesses dignity, and is majestic.(66)

ਉਹ ਫਜ਼ੀਲਤਾ ਅਤੇ ਵਡਿਆਈਆਂ ਦਾ ਵਾਲੀ ਹੈ,
ਉਹ ਬਖਸ਼ਿਸ਼ਾਂ ਅਤੇ ਨਿਆਮਤਾਂ ਦਾ ਸਮੂਹ ਹੈ।(67)

ਉਹ ਸਖਾਵਤਾਂ ਅਤੇ ਦਾਨਾਈਆਂ ਦਾ ਅਤਿਅੰਤ ਹੈ।
ਉਹ ਕਾਮਲਾਂ ਅਤੇ ਨਿਪੁੰਨ ਵਿਅਕਤੀਆਂ ਦੀ ਬਹੁਤਾਤ ਹੈ।(68)

ਉਹ ਭੇਟਾਂ ਅਤੇ ਸੁਗਾਤਾਂ ਦਾ ਸਮੂਹ ਅਤੇ ਕਮਾਲ ਸਰਾਫ ਹੈ,
ਉਹ ਨਿਮਾਣਿਆਂ ਦੀ ਆਜਜ਼ੀ ਪਰਵਾਨ ਕਰ ਲੈਣ ਵਾਲਾ ਹੈ।(69)

ਉਹ ਬਜ਼ੁਰਗਾਂ ਅਤੇ ਬਾਦਸ਼ਾਹਾਂ ਦਾ ਫਖਰ ਅਤੇ ਸਾਊਆਂ ਦਾ ਸਰਦਾਰ ਹੈ,
ਉਹ ਫਜ਼ੀਲਤਾਂ ਦੀ ਬਹੁਤਾਤ ਅਤੇ ਸੁਘੜ ਸੁਜਾਨ ਪੁਰਖਾਂ ਦਾ ਪ੍ਰਤੀਨਿਧ ਹੈ।(70)

ਉਸ ਦੇ ਨੂਰ ਤੋਂ ਦੁਨੀਆਂ ਨੇ ਸੁੰਦਰਤਾ,ਸੁਹੱਪਣ ਅਤੇ ਸ਼ਾਨ ਪ੍ਰਾਪਤ ਕੀਤੀ ਹੈ,
ਉਸ ਦੀ ਬਖਸ਼ਿਸ਼ ਤੋਂ ਇਸ ਸੰਸਾਰ ਅਤੇ ਸੰਸਾਰ ਵਾਸੀਆਂ ਨੇ ਲਾਭ ਪ੍ਰਾਪਤ ਕੀਤਾ ਹੈ।(71)

ਉਸ ਦੇ ਹੱਥ ਵਿਚ ਦੋ ਮੋਤੀ ਸੂਰਜ ਵਾਂਗ ਚਮਕਦੇ ਹਨ,
ਇਕ ਮਿਹਰ ਵਾਲਾ ਹੈ ਅਤੇ ਦੂਜਾ ਕਹਿਰ ਅਤੇ ਗਜ਼ਬ ਦਾ ਨਿਸ਼ਾਨ ਹੈ।(72)

He is the guardian of amenities and distinctions.
He is the cache of beneficence and bounties.(67)

He is the climax of magnanimity and wisdom.
He is the power of the intellectuals and the impeccable ones.(68)

He is the treasure of offerings and highly judicious,
And he accepts the supplications of the humble ones.(69)

He is pride of the elderly and the kings and the leader of the amiable ones.
He abounds in greatness and represents the virtuous ones.(70)

From his resplendence, the world has attained beauty, handsomeness and prominence,
And its inhabitants have gained the benefits.(71)

In his hands, two pearls sparkle like the sun;
One represents the kindness and the other is the sign of affliction.(72)

ਪਹਿਲੇ ਕਾਰਣ ਇਹ ਜਹਾਨ ਸੱਚ ਦਾ ਪਰਦਰਸ਼ਕ ਹੈ,
ਅਤੇ ਦੂਜਾ ਸਾਰੇ ਅੰਨ੍ਹੇਰੇ ਅਤੇ ਜ਼ੁਲਮ ਨੂੰ ਨਾਸ਼ ਕਰਨ ਹਾਰਾ ਹੈ।(73)

ਉਸ ਨੇ ਸਾਰੇ ਅੰਨ੍ਹੇਰੇ ਅਤੇ ਜ਼ੁਲਮ ਨੂੰ ਦੂਰ ਕਰ ਦਿੱਤਾ
ਉਸ ਸਦਕਾ ਸਾਰੀ ਦੁਨੀਆਂ ਸੁਗੰਧੀ ਅਤੇ ਸਰੂਰ ਨਾਲ ਭਰ ਜਾਂਦੀ ਹੈ।(74)

ਉਸ ਦਾ ਮੁਖੜਾ ਅਜ਼ਲੀ ਨੂਰ ਨਾਲ ਰੌਸ਼ਨ ਹੈ,
ਉਸ ਦਾ ਵਜੂਦ ਰੱਬ ਦੇ ਨੂਰ ਸਦਕਾ ਅਬਿਨਾਸ਼ੀ ਹੈ।(75)

ਕੀ ਵੱਡੇ ਅਤੇ ਕੀ ਛੋਟੇ, ਸਾਰੇ ਹੀ ਉਸ ਦੇ ਦਰ ਤੇ
ਸਿਰ ਨਿਵਾਇ ਗੁਲਾਮ ਅਤੇ ਨੌਕਰ ਹਨ।(76)

ਕੀ ਬਾਦਸ਼ਾਹ ਅਤੇ ਕੀ ਦਰਵੇਸ਼, ਸਾਰੇ ਉਸ ਤੋਂ ਲਾਭ ਪਰਾਪਤ ਕਰਦੇ ਹਨ,
ਕੀ ਅਰਸ਼ੀ ਅਤੇ ਕੀ ਫਰਸ਼ੀ ਜੀਵ, ਸਾਰੇ ਉਸ ਦੇ ਸਦਕਾ ਸਤਿਕਾਰ ਪਾਂਉਦੇ ਹਨ।(77)

ਕੀ ਬੁੱਢੇ ਅਤੇ ਕੀ ਨੱਢੇ, ਸਾਰੇ ਉਸ ਤੋਂ ਕਾਮਨਾ ਪੂਰੀ ਕਰਦੇ ਹਨ,
ਕੀ ਸਿਆਣੇ ਅਤੇ ਕੀ ਅਣਜਾਣ, ਸਾਰੇ ਉਸ ਦੇ ਸਦਕਾ ਪੁੰਨ ਹਾਸਲ ਕਰਦੇ ਹਨ।(78)

Due to the former, this world symbolizes the truth,
And the latter annihilates the ignorance and the cruelty.(73)

He has eradicated all the ignorance and the brutality,
And due to him, the whole world is abounding with aroma and ecstasy.(74)

His semblance is radiating godly resplendence.
His existence is eternal through the celestial grandeur.(75)

All the high and the low, are paying obeisance at his portal,
And are humble servers and slaves.(76)

All, the kings and the preceptors, capitalize the benefits,
And all the celestial and human bodies achieve respect through him.(77)

All, the young and the old, fulfil their desires through him,
And so do all the wise and the ignorent obtain virtue.(78)

ਕਲਜੁਗ ਵਿਚ ਉਸ ਨੇ ਫਿਰ ਸਤਿਜੁਗ ਕੁਝ ਇਸ ਤਰ੍ਹਾਂ ਲੈ ਆਂਦਾ ਹੈ,
ਕਿ ਛੋਟੇ ਵੱਡੇ ਸਾਰੇ ਹੀ ਸੱਚ ਦੇ ਉਪਾਸ਼ਕ ਬਣ ਗਏ ਹਨ।(79)

ਸਾਰਾ ਝੂਠ ਅਤੇ ਕੂੜ ਦੂਰ ਹੋ ਗਿਆ ਹੈ,
ਕਾਲੀ ਬੋਲੀ ਰਾਤ ਨੂਰ ਹੋ ਕੇ ਚਮਕ ਉੱਠੀ ਹੈ।(80)

ਉਸ ਨੇ ਜਹਾਨ ਨੂੰ ਦੇਵਾਂ ਅਤੇ ਦੈਤਾਂ ਤੋਂ ਪਾਕ ਕਰ ਦਿੱਤਾ ਹੈ,
ਉਸ ਨੇ ਇਸ ਧਰਤੀ ਤੋਂ ਸਾਰਾ ਅੰਨ੍ਹੇਰਾ ਅਤੇ ਜ਼ੁਲਮ ਧੋ ਦਿੱਤਾ ਹੈ।(81)

ਉਸ ਦੇ ਸਦਕਾ ਸੰਸਾਰ ਦੀ ਰਾਤ ਰੌਸ਼ਨ ਹੋ ਗਈ ਹੈ,
ਉਸ ਦੇ ਕਾਰਨ ਸੰਸਾਰ ਵਿਚ ਕੋਈ ਜ਼ਾਲਮ ਨਹੀਂ ਰਿਹਾ।(82)

ਉਸ ਦੀ ਰਾਏ ਅਤੇ ਸਮਝ ਨਾਲ ਇਕ ਦੁਨੀਆਂ ਸਜ ਗਈ ਹੈ,
ਉਸ ਦੇ ਸਦਕੇ ਹੀ ਹਰ ਅਕਲ ਦੀ ਦੇਗ ਉਬਾਲਾ ਖਾਂਦੀ ਹੈ।(83)

ਉਸ ਦਾ ਪਾਕ ਤਨ ਸਾਰਾ ਅੱਖਾਂ ਹੀ ਅੱਖਾਂ ਹੈ,
ਉਸ ਦੀਆਂ ਅੱਖਾਂ ਸਾਮ੍ਹਣੇ ਸਾਰਾ ਅੱਗਾ ਪਿੱਛਾ ਪ੍ਰੱਤਖ ਦਿਸਦਾ ਹੈ।(84)

He has so engendered Satyug (the Age of Truth) in Kalyug (the Age of Darkness),
That all, the high and the low have become the zealots of veracity.(79)

All the falsity and perjury have been eradicated,
And the darkness of the night has attained the splendour.(80)

He has emancipated the world from the gods and demons,
And has eliminated all the ignorance and the barbarity from this earth.(81)

Through him the temporal night has started sparkling,
And due to him no merciless person has been allowed to survive.(82)

Through his advice and understanding the world has been graced,
And through him every mind is brimming with intellect.(83)

His whole quantum is laced with discerning eyes,
And everything around him has become evident.(84)

ਸਾਰੀ ਦੁਨੀਆਂ ਦਾ ਭੇਤ ਉਸ ਤੇ ਜ਼ਾਹਰ ਹੈ,
ਉਸ ਦੇ ਦਮ ਨਾਲ ਸੁੱਕੀ ਲਕੜ ਬੀ ਫਲ ਦੇਣ ਲਗ ਪੈਂਦੀ ਹੈ।(85)

ਕੀ ਤਾਰੇ ਅਤੇ ਅਸਮਾਨ,ਸਾਰੇ ਹੀ ਉਸ ਦੀ ਪਰਜਾ ਹਨ,
ਕੀ ਵਡੇ ਅਤੇ ਕੀ ਛੋਟੇ, ਸਾਰੇ ਹੀ ਉਸ ਦੇ ਪ੍ਰਬੰਧ ਵਿਚ ਹਨ।(86)

ਕੀ ਮਿੱਟੀ ਅਤੇ ਕੀ ਅੱਗ, ਕੀ ਹਵਾ ਅਤੇ ਕੀ ਪਾਣੀ,
ਕੀ ਚਮਕਦਾ ਹੋਇਆ ਸੂਰਜ ਅਤੇ ਕੀ ਚਾਨਣੀ ਭਰਿਆ ਚੰਦਰਮਾ।(87)

ਕੀ ਅਰਸ਼ ਅਤੇ ਕੀ ਕੁਰਸ਼, ਸਾਰੇ ਹੀ ਉਸ ਦੇ ਗੁਲਾਮ ਹਨ,
ਇਹ ਸਾਰੇ ਹੀ ਉਸ ਦੀ ਚਾਕਰੀ ਲਈ ਸਿਰ ਨਿਵਾਇ ਖੜੇ ਹਨ।(88)

ਤਿੰਨੇ ਅੰਡਜ, ਜੇਰਜ, ਸੇਤਜ ਅਤ ਦੱਸੇ-ਹਵਾਸ (ਇੰਦਰੇ),
ਉਸ ਦੀ ਬੰਦਗੀ ਦਾ ਲਿਹਾਜ਼ ਕਰਦੇ ਹਨ।(89)

ਅਕਲ ਦੇ ਥੰਮ ਨੇ ਉਸ ਤੋਂ ਪਕਿਆਈ ਹਾਸਲ ਕੀਤੀ,
ਬਖਸ਼ਿਸ਼ ਦੀ ਨੀਂਹ ਉਸ ਦੇ ਕਾਰਣ ਪੱਕੀ ਅਤੇ ਮਜ਼ਬੂਤ ਹੋਈ।(90)

The secrets of all the places are apparent to him,
And through his grace, even, the dry wood bears fruit.(85)

The stars and the sky, all are his subjects,
And all, the high and the low, are under his command.(86)

The earth and the fire, the air and the water,
The glittering sun, the moon laden with radiance,(87)

The sky and the plateau, all are his serfs,
And they all stand in attendance with their heads bowing in obeisance.(88)

All the reproductive modes — eggs, the mammals, the sweat, and the ten senses,
They all cater for his veneration.(89)

The trait of discernment has achieved its solidarity from him,
And the base of the generosity is solidified through him.(90)

ਸਚਾਈ ਦੀ ਬੁਨਿਆਦ ਉਸ ਦੇ ਸਦਕਾ ਹੀ ਪਕੇਰੀ ਹੈ,
ਇਸ ਜਹਾਨ ਨੇ ਉਸ ਦੇ ਨੂਰ ਤੋ ਨਵੀਂ ਰੌਸ਼ਨੀ ਪਾਈ ਹੈ।(91)

ਹਕੀਕਤ ਦੇ ਸਜੇ ਸਜਾਏ ਹੁਸਨ ਜਮਾਲ ਨੇ,
ਜਹਾਨ ਤੋਂ ਅੰਨ੍ਹੇਰੀ ਨੂੰ ਸਾਫ ਅਤੇ ਪਾਕ ਕਰ ਦਿੱਤਾ।(92)

ਨਿਆਇ ਅਤੇ ਇਨਸਾਫ ਦਾ ਮੁਖੜਾ ਚਮਕ ਪਿਆ,
ਜ਼ੁਲਮ ਅਤੇ ਵਧੀਕੀ ਦਾ ਦਿਲ ਸੜ ਕੇ ਸੁਆਹ ਹੋ ਗਿਆ।(93)

ਉਸ ਨੇ ਜ਼ੁਲਮ ਦੀ ਜੜ੍ਹ ਪੁੱਟ ਦਿੱਤੀ
ਅਤੇ ਨਿਆਂ ਦਾ ਸਿਰ ਉੱਚਾ ਕਰ ਦਿਤਾ (94)

ਫਜ਼ਲ ਅਤੇ ਬਖਸ਼ਿਸ਼ ਦੀਆਂ ਵੇਲਾਂ ਵਾਸਤੇ ਉਹ ਵਰ੍ਹਦਾ ਬੱਦਲ ਹੈ,
ਕਰਾਮਾਤ ਅਤੇ ਸਖੀਪਨ ਦੇ ਆਸਮਾਨ ਦਾ ਉਹ ਸੂਰਜ ਹੈ।(95)

ਬਖਸ਼ਿਸ਼ ਅਤੇ ਸਖ਼ਾਵਤ ਦੇ ਬਾਗਾਂ ਲਈ ਉਹ ਘਨਘੋਰ ਘਟਾ ਹੈ,
ਸੁਗਾਤਾਂ ਅਤੇ ਭੇਟਾ ਦੇ ਸੰਸਾਰ ਲਈ ਉਹ ਇਕ ਪ੍ਰਬੰਧ ਹੈ।(96)

The foundations of truthfulness are set through his compassion,
And this temporal world has secured enlightenment through his splendour.(91)

The adorned celestial comeliness, which is laced with truth,
Has purged the world of ignorance, and made it chaste.(92)

The semblance of the justice and fairness glows,
And the heart of the tyranny and offence is scorched.(93)

The foundations of the cruelty have been uprooted,
And the justice stands elevated every where.(94)

For the vines of benevolence and bounty, he is a raining cloud,
As he is the Sun of the heavenly clemency and wonders.(95)

For landscapes of benevolence and kindness, he is like the thick clouds,
And for the world of gratuities and endowments, he is the custodian.(96)

ਉਹ ਬਖਸ਼ਿਸਾਂ ਦਾ ਸਮੁੰਦਰ ਅਤੇ ਮਿਹਰਾਂ ਦਾ ਸਾਗਰ ਹੈ,
ਉਹ ਬਖਸ਼ਿਸ਼ਾਂ ਦਾ ਬੱਦਲ ਅਤੇ ਸਖਾਵਤਾਂ ਦਾ ਮੀਂਹ ਹੈ।(97)

ਇਹ ਦੁਨੀਆਂ ਉਸ ਦੇ ਕਾਰਣ ਖੁਸ਼ ਹੈ ਅਤੇ ਸੰਸਾਰ ਆਬਾਦ ਹੈ,
ਇਹ ਪਰਜਾ ਉਸ ਸਦਕਾ ਪ੍ਰਸੰਨ ਹੈ ਅਤੇ ਦੇਸ਼ ਸੁਖੀ ਹੈ।(98)

ਇਕ ਸ਼ਹਿਰੀ ਤੋਂ ਲੈ ਕੇ ਫੋਜ ਤਕ, ਸਾਰਾ ਸੰਸਾਰ ਹੀ,
ਉਸ ਨੇਕ ਸਿਤਾਰੇ ਵਾਲੇ ਦੇ ਹੁਕਮ ਨੂੰ ਮੰਨਣ ਵਾਲਾ ਹੈ(99)

ਉਸ ਦੀ ਮਿਹਰ ਸਦਕਾ ਇਸ ਜਹਾਨ ਦੀ ਕਾਮਨਾ ਪੂਰੀ ਹੁੰਦੀ ਹੈ,
ਦੋਵੇਂ ਜਹਾਨ ਉਸ ਸਦਕਾ ਕਿਸੇ ਪ੍ਰਬੰਧ ਅਤੇ ਨਿਯਮ ਵਿਚ ਹਨ।(100)

ਰੱਬ ਨੇ ਉਸ ਨੂੰ ਹਰ ਮੁਸ਼ਕਲ ਦੀ ਕੁੰਜੀ ਬਖ਼ਸ਼ੀ ਹੈ,
ਉਸ ਦੇ ਹਰ ਮਨਜ਼ੂਰ ਪੁਰਖ ਨੇ ਵੱਡੇ ਜਾਬਰ ਨੂੰ ਬਿਠਾ ਦਿੱਤਾ।(101)

ਉਹ ਜਾਹ ਜਲਾਲ ਦੇ ਰਾਜ ਦਾ ਬਾਦਸ਼ਾਹ ਹੈ,
ਉਹ ਬਜ਼ੁਰਗੀ ਦੇ ਦੀਵਾਨ ਦਾ ਮਾਲਕ ਹੈ।(102)

He is the sea of bounty and ocean of consideration.
He is the cloud of goodwill and the rain of charity.(97)

Due to him the earth is happy and the world is inhabited,
And through him the subjects are delighted and the country is contented.(98)

From a citizen to armed personnel, the whole territory,
Is under the command of this fortunate one.(99)

The desires of the world are fulfilled through his grace,
And both the worlds, through his consideration, are proceeding under proper rules and regulations.(100)

The Almighty has awarded him the key for all the adversities,
As all his accepted-mortals put down the oppressors.(101)

He is the sovereign of the glorious reign,
And he is the master of the manual of greatness.(102)

ਉਹ ਕਰਾਮਾਤ ਅਤੇ ਵਕਾਰ ਦੇ ਤੇਜ ਦਾ ਮੋਤੀ ਹੈ,
ਉਹ ਰੌਸ਼ਨੀ ਅਤੇ ਪਵਿਤਰਤਾ ਨੂੰ ਰੌਸ਼ਨੀ ਬਖ਼ਸ਼ਣ ਵਾਲਾ ਹੈ।(103)

ਉਹ ਇੱਜ਼ਤ ਅਤੇ ਸਤਿਕਾਰ ਦੇ ਮੋਤੀਆਂ ਦੀ ਚਮਕ ਹੈ,
ਉਹ ਬਜ਼ੁਰਗੀ ਅਤੇ ਮਾਨ ਦੇ ਸੂਰਜ ਦੀ ਰੌਸ਼ਨੀ ਹੈ।(104)

ਉਹ ਇੱਜ਼ਤ ਸਤਿਕਾਰ ਅਤੇ ਮਰਤਬੇ ਦੇ ਮੁਖੜੇ ਨੂੰ ਰੌਣਕ ਬਖਸ਼ਣ ਵਾਲਾ ਹੈ,
ਉਹ ਮਾਨ ਅਤੇ ਬਜ਼ੁਰਗੀ ਦੇ ਝੰਡੇ ਨੂੰ ਉੱਚਾ ਕਰਨ ਵਾਲਾ ਹੈ।(105)

ਉਹ ਬਖਸ਼ਿਸ਼ ਅਤੇ ਸਖ਼ਾਵਤ ਦੇ ਸਮੁੰਦਰ ਦਾ ਮੋਤੀ ਹੈ,
ਉਹ ਭੇਟਾਂ ਅਤੇ ਬਖ਼ਸ਼ਿਸ਼ਾਂ ਦੇ ਆਸਮਾਨ ਦਾ ਚੰਦਰਮਾ ਹੈ।(106)

ਉਹ ਮਿਹਰ ਅਤੇ ਕਰਮ ਦੇ ਮੁਲਕ ਦਾ ਨਿਗਾਹਬਾਨ ਹੈ,
ਉਹ ਦੋਹਾਂ ਜਹਾਨਾਂ ਦੇ ਕੰਮਾਂ ਦਾ ਪ੍ਰਬੰਧ-ਕਰਤਾ ਹੈ।(107)

ਆਸਮਾਨਾਂ ਦੀ ਜਾਤ ਦੇ ਤਾਂਬੇ ਲਈ ਉਹ (ਸੋਨਾ ਬਣਾਉਣ ਵਾਲੀ) ਰਸਾਇਣ ਹੈ,
ਉਹ ਇਨਸਾਫ ਅਤੇ ਮੁਹੱਬਤ ਦੇ ਮੁਖੜੇ ਦੀ ਰੌਣਕ ਹੈ।(108)

He is the pearl of dignity and miracles.
He is the light and endows light to the chastity.(103)

He is the shine of the pearls of respect and honour.
He is the sunlight and credit of the grand and the honourable.(104)

He is the bestower of respect and honour to the worthy semblance,
As he raises high the flag of venerability.(105)

He is the pearl of the river of generosity and charity,
And he is the moon of the bounties and the redemptions.(106)

He protects the country of mercy and kindliness,
And he manages to run the affairs of both the domains.(107)

He is the chemical for endowing copper look like the skies,
And he is the brilliance for the semblance of justice and affection.(108)

ਉਹ ਇੱਜ਼ਤ ਅਤੇ ਧਨ ਦੌਲਤ ਦੇ ਕੱਦ ਲਈ ਚੰਗਾ ਹੈ,
ਉਹ ਹੁਕਮ ਅਤੇ ਵਡਿਆਈ ਦੀਆਂ ਅੱਖਾਂ ਦੀ ਰੌਸ਼ਨੀ ਹੈ।(109)

ਉਹ ਸੁਰਗ ਦੇ ਬਾਗ ਲਈ ਸੁਗੰਧ ਸ਼ਮੀਰ ਹੈ,
ਉਹ ਸਖਾਵਤ ਦੇ ਬਿਰਛ ਦਾ ਨਵਾਂ ਫਲ ਹੈ।(110)

ਉਹ ਸਾਲਾਂ ਅਤੇ ਮਹੀਨਿਆਂ ਦੇ ਕਫ਼ਾਂ ਦੀ ਕੋਰ ਹੈ,
ਉਹ ਇਜ਼ਤ ਅਤੇ ਸ਼ਾਨ ਸ਼ੌਕਤ ਦੀ ਉਚਿਆਈ ਦਾ ਆਸਮਾਨ ਹੈ।(111)

ਉਹ ਦਲੇਰ,ਤਾਕਤਵਾਰ ਅਤੇ ਵਿਜਈ ਜੋਧਾ ਹੈ,
ਉਹ ਅਦਲ ਇਨਸਾਫ ਦੇ ਫੁੱਲ ਦੀ ਸੁਗੰਧੀ ਅਤੇ ਖੁਸ਼ਬੋ ਹੈ।(112)

ਉਹ ਸਖਾਵਤ ਦਾ ਜਹਾਨ ਹੈ ਅਤੇ ਬਖਸ਼ਿਸ਼ ਦੀ ਦੁਨੀਆਂ ਹੈ,
